"ਹੇ ਦੇਵਾਨੂਪ੍ਰਿਯ ! ਅਜ ਮੈਂ ਸ਼੍ਰਮਣ ਭਗਵਾਨ ਮਹਾਵੀਰ ਦੇ ਧਰਮ ਨੂੰ ਸੁਣਿਆ ਹੈ ਦੇਵਾਨੂਪ੍ਰਿਯ ! ਤੂੰ ਵੀ ਜਾਕੇ ਭਗਵਾਨ ਨੂੰ ਬੰਦਨਾ ਕਰ । ਭਗਤੀ ਕਰਕੇ ਸ਼੍ਰਮਣ ਭਗਵਾਨ ਮਹਾਵੀਰ ਦੇ ਪੰਜ ਅਣੂਵਰਤ ਤੇ ਸੱਤ ਸਿਖਿਆ ਵਰਤ ਰੂਪੀ 12 ਪ੍ਰਕਾਰ ਦੇ ਗ੍ਰਹਿਸਥ ਧਰਮ ਨੂੰ ਸਵੀਕਾਰ ਕਰ ।59।

ਸ਼੍ਰਮਣਾਂ ਦੇ ਉਪਾਸਕ ਆਨੰਦ ਦੇ ਉਪਰੋਕਤ ਬਚਨ ਸੁਣਕੇ ਸ਼ਿਵਾਨੰਦਾ ਬਹੁਤ ਖੁਸ਼ ਹੋਈ ਅਤੇ ਆਪਣੇ ਕੋਟੰਬਿਕ ਪੁਰਸ਼ (ਨੌਕਰ) ਨੂੰ ਬੁਲਾਕੇ ਇਸ ਤਰ੍ਹਾਂ ਆਖਣ ਲਗੀ "ਤੂੰ ਛੇਤੀ ਹੀ, ਤੇਜ ਚਲਣ ਵਾਲੇ ਬਲਦਾਂ ਨਾਲ ਚਲਣ ਵਾਲਾ, ਧਾਰਮਿਕ ਰਥ ਤਿਆਰ ਕਰ" ਇਸ ਪ੍ਰਕਾਰ ਉਹ ਭਗਵਾਨ ਦੇ ਪਾਸ ਪਹੁੰਚੀ ਅਤੇ ਭਗਤੀ ਕੀਤੀ ।60।

ਉਸਤੋਂ ਬਾਦ ਭਗਵਾਨ ਮਹਾਵੀਰ ਨੇ ਸ਼ਿਵਨੰਦਾ ਨੂੰ ਅਤੇ ਵਿਸ਼ਾਲ ਸਭਾ ਨੂੰ ਧਰਮ ਉਪਦੇਸ਼ ਦਿੱਤਾ ।61।

ਸ਼ਿਵਾਨੰਦ ਨੇ ਸ਼੍ਰਮਣ ਭਗਵਾਨ ਮਹਾਵੀਰ ਦੇ ਕੋਲ ਧਰਮ ਸੁਣਕੇ ਉਸਨੂੰ ਦਿਲ ਵਿਚ ਸਤਿਕਾਰ ਯੋਗ ਥਾਂ ਦਿਤੀ ਅਤੇ ਵਿਧੀ ਅਨੁਸਾਰ ਗ੍ਰਹਿਸਥ ਧਰਮ (12 ਵਰਤਾਂ ਵਾਲਾ) ਧਾਰਨ ਕੀਤਾ ਉਹ ਉਸ ਧਾਰਮਿਕ ਰਥ ਤੋਂ ਵਾਪਿਸ ਘਰ ਚਲੀ ਗਈ ਜਿਸ ਤੇ ਉਹ ਬੈਠ ਕੇ ਆਈ ਸੀ ।59।

"ਹੇ ਭਗਵਾਨ" ਇਸ ਪ੍ਰਕਾਰ ਸੰਬੋਧਨ ਕਰਕੇ ਗੌਤਮ ਨੇ ਸ਼੍ਰਮਣ ਭਗਵਾਨ ਮਹਾਵੀਰ ਨੂੰ ਬੰਦਨਾ ਨਮਸਕਾਰ ਕੀਤਾ ਅਤੇ ਪੁੱਛਿਆ "ਹੇ ਭਗਵਾਨ ਕਿ ਆਨੰਦ ਸ਼੍ਰਮਣਾਂ ਦਾ ਉਪਾਸਕ, ਦੇਵਾ ਨੂੰ ਪ੍ਰਿਯ(ਭਗਵਾਨ ਮਹਾਵੀਰ) ਆਪ ਦੇ ਪਾਸ ਸਿਰ ਮੁਨਾਕੇ ਦੀਖਿਆ ਲੈਣ ਵਿਚ ਸਮਰਥ ਹੈ ?

ਭਗਵਾਨ ਨੇ ਉੱਤਰ ਦਿਤਾ "ਹੇ ਗੌਤਮ ! ਇਹ ਸੰਭਵ ਨਹੀਂ, ਹਾਂ ਆਨਦ ਸ਼੍ਰਮਣਾਂ ਦਾ ਉਪਾਸਕ ਅਨੇਕਾਂ ਸਾਲ ਸ਼੍ਰਾਵਕ ਧਰਮ ਦਾ ਪਾਲਣ ਕਰੇਗਾ ਅਤੇ ਅੰਤ ਵਿਚ ਸੌਧਰਮ ਦੇਵ ਲੋਕ ਵਿਚ ਅਰੁਨਾਭ ਵਿਮਾਨ ਵਿਚ ਪੈਦਾ ਹੋਵੇਗਾ । ਉਥੇ ਬਹੁਤ ਸਾਰੇ ਦੇਵਤਿਆਂ ਦੀ ਉਮਰ ਚਾਰ ਪਲਯੋਪਮ ਹੈ । ਆਨੰਦ ਦੀ ਉਮਰ ਵੀ ਚਾਰ ਪਲਯੋਪਮ ਹੈ ।63।

---

1. ਇਥੇ ਰੋਜ਼ਗਾਰ ਲਈ ਇਨ੍ਹਾਂ ਵਰਤਾਂ ਦੀ ਉਲੰਘਣਾ ਦੀ ਛੁਟ ਦਿਤੀ ਗਈ ਹੈ ਇਸਦਾ ਇਕ ਅਰਥ ਜੰਗਲ ਜਾਂ ਸੁਨਸਾਨ ਕਥਨ ਵਿਚ ਆਉਣ ਵਾਲੀ ਵੀ ਮੁਸੀਬਤ ਹੈ ।

ਉਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਂਵੀਰ ਦੂਸਰੇ ਜਨਪਦਾਂ (ਦੇਸ਼ਾਂ) ਵਿਚ ਧਰਮ ਦਾ ਉਪਦੇਸ਼ ਕਰਦੇ ਘੁਮਣ ਲਗੇ।64।

ਇਸਤੋਂ ਬਾਅਦ ਆਨੰਦ ਜੀਵ ਅਜੀਵ ਆਦਿ 9 ਤੱਤਾਂ ਦਾ ਜਾਨਕਾਰ ਸ਼੍ਰਮਣਾਂ ਦਾ ਉਪਾਸਕ ਬਨ ਗਿਆ ਅਤੇ ਸਾਧੂ ਸਾਧਵੀਆਂ ਨੂੰ ਪ੍ਰਾਸੁਕ ਜੀਵ ਰਹਿਤ ਭੋਜਨ ਦਿੰਦਾ ਹੋਇਆ ਧਾਰਮਿਕ ਜੀਵਨ ਗੁਜ਼ਾਰਨ ਲਗਾ।65।

ਉਸਤੋਂ ਬਾਅਦ ਸ਼ਿਵਾ ਨੰਦਾ ਵੀ ਸ਼੍ਰਮਣਾਂ ਦੀ ਉਪਾਸਿਕਾ ਬਨ ਗਈ ਅਤੇ ਸਾਧੂ ਸਾਧਵੀਆਂ ਨੂੰ ਸ਼ੁਧ ਅੰਨ ਜਲ, ਕਪੜਾ, ਭਾਂਡੇ, ਕੰਬਲ ਆਦਿ ਦੇਣ ਲਗੀ।66।

ਉਸਤੋਂ ਬਾਅਦ ਆਨੰਦ ਸ਼੍ਰਮਣਾਂ ਦਾ ਉਪਾਸਕ ਅਨੇਕਾਂ ਪ੍ਰਕਾਰ ਦੀ ਸ਼ੀਲ ਵਰਤ, ਗੁਣ ਵਰਤ, ਵਿਰਮਨ ਵਰਤ, ਪ੍ਰਤਿਖਿਆਨ ਪੋਸ਼ਧ ਉਪਵਾਸ ਆਦਿ ਰਾਹੀਂ ਆਪਣੀ ਆਤਮਾ ਨੂੰ ਪਵਿਤਰ ਬਨਾਉਣ ਲੱਗਾ। ਇਸ ਪ੍ਰਕਾਰ 14 ਸਾਲ ਬੀਤ ਗਏ। 15ਵੇਂ ਸਾਲ ਦੌਰਾਨ ਇਕ ਰਾਤ ਧਰਮ ਜਗਰਾਤਾ ਕਰਦੇ ਹੋਏ, ਉਸਦੇ ਮਨ ਵਿਚ ਇਹ ਵਿਚਾਰ ਉਠਿਆ "ਮੈਂ ਬਨਿਜਗ੍ਰਾਮ ਨਗਰ ਵਿਚ ਅਨੇਕਾਂ ਰਾਜਿਆਂ ਈਸ਼ਵਰ ਅਤੇ ਰਿਸ਼ਤੇਦਾਰਾਂ ਦਾ ਆਸਰਾ ਤੇ ਸਹਾਰਾ ਹਾਂ। ਅਨੇਕਾਂ ਕੰਮਾਂ ਵਿਚ ਮੇਰੀ ਸਲਾਹ ਲਈ ਜਾਂਦੀ ਹੈ ਇਨ੍ਹਾਂ ਉਲਝਨਾਂ ਕਾਰਣ, ਮੈਂ ਸ਼੍ਰਮਣ ਭਗਵਾਨ ਮਹਾਵੀਰ ਤੋਂ ਪ੍ਰਾਪਤ ਕੀਤੇ ਧਰਮ ਉਪਦੇਸ਼ ਤੇ ਠੀਕ ਤਰ੍ਹਾਂ ਨਹੀਂ ਚਲ ਸਕਦਾ। ਇਸ ਲਈ ਮੇਰੇ ਲਈ ਇਹ ਠੀਕ ਹੈ ਕਿ ਮੈਂ ਕਲ ਸਵੇਰੇ ਸੂਰਜ ਚੜ੍ਹਨ ਸਮੇਂ ਹੀ ਸਵਾਦੀ ਭੋਜਨ ਪਾਣੀ ਤਿਆਰ ਕਰਾਕੇ, ਮਿਤਰਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਭੋਜਨ ਕਰਾ ਕੇ ਪੂਰਨ ਸੇਠ ਦੀ ਤਰ੍ਹਾਂ ਬੜੇ ਪੁੱਤਰ ਨੂੰ ਪਰਿਵਾਰ ਦਾ ਭਾਰ ਸੰਭਾਲ ਕੇ ਮਿਤਰਾਂ ਤੇ ਬੜੇ ਪੁੱਤਰ ਨੂੰ ਪੁੱਛ ਕੇ ਕੋਲਾਕ ਸਨੀਵੇਸ਼ ਵਿਚ ਗਿਆਤ ਕੁਲ ਦੀ ਪੋਸ਼ਧਸ਼ਾਲਾ ਦੀ ਝਾੜ ਪੂੰਝ ਕਰਾਂ।"

---

1. ਜੈਨ ਧਰਮ ਅਨੁਸਾਰ ਸਾਰੇ ਦੇਵਤਿਆਂ ਦੇ ਚਾਰ ਪ੍ਰਮੁਖ ਵਰਗ ਹਨ।

(1) ਭਵਨਪਤੀ—ਜ਼ਮੀਨ ਦੇ ਹੇਠ ਨਿਵਾਸ ਕਰਨ ਵਾਲੇ।

(2) ਵਾਨਵਯੰਤਰ—ਜ਼ਮੀਨ ਉਪਰ ਰਹਿਨ ਵਾਲੇ ਦੇਵੀ-ਦੇਵਤਾ (ਜਿਵੇਂ ਭੂਤ, ਪਰੇਤ, ਰਾਖਸ਼ ਕਿਨਰ ਜਾਂ ਯਕਸ਼)।

(3) ਜਯੋਤਸ਼ੀ, ਚੰਦ, ਸੂਰਜ, ਤਾਰੇ, ਗ੍ਰਹਿ, ਨਛੱਤਰ।

(4) ਵਿਮਾਨਿਕ, ਉਰਧਵ ਲੋਕ ਵਿਚ ਰਹਿਨ ਵਾਲੇ ਦੇਵਤਿਆਂ ਦੇ 26 ਭੇਦ ਹਨ ਪਹਿਲੇ ਦੇਵ ਲੋਕ ਦਾ ਨਾਮ ਸਧੋਰਮ ਹੈ। ਜਿਥੇ 32 ਲੱਖ ਵਿਮਾਨਾਂ ਦਾ ਮਾਲਕ ਸਕੰਦਰ ਹੈ। ਦੇਵਤਿਆਂ ਬਾਰੇ ਭਗਵਤੀ ਸੂਤਰ, ਪ੍ਰਗਿਆਪਨਾ, ਦੇਵਿੰਦਰ ਸੱਤਵ ਅਤੇ ਉਤਰਾਧਿਐਨ ਸੂਤਰ ਵਿਚ ਬਹੁਤ ਵਿਸਥਾਰ ਮਿਲਦਾ ਹੈ।

ਇਹ ਸੋਚ ਕੇ ਉਸਨੇ ਦੂਸਰੇ ਦਿਨ ਮਿੱਤਰ ਵਰਗ ਅਤੇ ਪਰਿਵਾਰ ਨੂੰ ਬੁਲਾਵਾ ਦਿਤਾ ਅਤੇ ਉਨ੍ਹਾਂ ਦਾ ਫੁੱਲਾਂ, ਕਪੜਿਆਂ, ਗੰਧ (ਖੁਸ਼ਬੂ) ਹਾਰ ਅਤੇ ਸਵਾਦੀ ਭੋਜਨ ਪਾਣੀ ਨਾਲ ਸਤਿਕਾਰ ਕੀਤਾ। ਫਿਰ ਉਨ੍ਹਾਂ ਸਭ ਦੇ ਸਾਹਮਣੇ ਬੜੇ ਪੁੱਤਰ ਨੂੰ ਬੁਲਾ ਕੇ ਆਖਿਆ, "ਹੇ ਪੁੱਤਰ! ਬਨਿਜਗਰਾਮ ਨਗਰ ਵਿਚ ਰਾਜ, ਈਸ਼ਵਰ ਅਤੇ ਪਿਆਰੇ ਮਿਤਰਾਂ ਦਾ ਸਹਾਰਾ ਹਾਂ। ਅਨੇਕਾਂ ਕੰਮਾਂ ਲਈ ਮੈਂ ਸਲਾਹਕਾਰ ਦੇ ਤੌਰ ਤੇ ਸਤਿਕਾਰਿਆ ਜਾਂਦਾ ਹਾਂ। ਇਨ੍ਹਾਂ ਉਲਝਨਾਂ ਕਾਰਨ ਭਗਵਾਨ ਮਹਾਵੀਰ ਦੇ ਧਰਮ ਦਾ ਠੀਕ ਤਰ੍ਹਾਂ ਪਾਲਣ ਨਹੀਂ ਕਰ ਸਕਦਾ, ਇਸ ਲਈ ਮੇਰੇ ਲਈ ਇਹ ਉਚਿੱਤ ਹੈ ਕਿ "ਮੈਂ ਹੁਣ ਤੈਨੂੰ ਪਰਿਵਾਰ ਦਾ ਭਾਰ ਸੰਭਾਲ ਕੇ ਏਕਾਂਤ ਧਰਮ ਦਾ ਪਾਲਣ ਕਰਾਂ।67।

ਇਸ ਤੋਂ ਬਾਅਦ ਬੜੇ ਪੁੱਤਰ ਨੇ ਆਨੰਦ ਸ਼੍ਰਮਣ ਦੇ ਉਪਾਸਕ ਦਾ ਉਪਰੋਕਤ ਕਥਨ ਨੂੰ ਆਦਰ ਪੂਰਵਕ ਗ੍ਰਹਿਣ ਕੀਤਾ।68।

ਇਸ ਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਨੇ ਆਪਣੇ ਮਿਤਰਾਂ ਅਤੇ ਬੜੇ ਪੁੱਤਰ ਨੂੰ ਬੁਲਾਕੇ ਇਸ ਪ੍ਰਕਾਰ ਆਖਿਆ "ਹੇ ਦੇਵਾਨੂਪ੍ਰਿਯ ਹੁਣ ਮੈਨੂੰ ਕੰਮ ਸੰਬੰਧੀ ਨਾ ਪੁਛਣਾ, ਨਾ ਮੇਰੇ ਨਮਿਤ ਵਾਸਤੇ ਭੋਜਨ ਤਿਆਰ ਕਰਾਉਣਾ। 69।

ਇਸ ਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਨੇ ਬੜੇ ਪੁੱਤਰ ਮਿਤੱਰ ਅਤੇ ਆਪਣੇ ਜਾਤ ਦੇ ਲੋਕਾਂ ਦੀ ਇਜ਼ਾਜਤ ਲੇਕੇ ਆਪਣੇ ਘਰੋਂ ਬਾਹਰ ਨਿਕਲਿਆ। ਬਨਿਜਗਰਾਮ ਨਗਰ ਦੇ ਵਿਚਕਾਰ ਘੁੰਮਦਾ ਹੋਇਆ ਜਿਥੇ ਕੋਲਾਕ ਸਨੀਵੇਂਸ ਸੀ ਜਿਥੇ ਗਿਆਤ ਕੁਲ ਦੀ ਪੋਸ਼ਧ ਸ਼ਾਲਾ ਸੀ, ਉਥੇ ਪਹੁੰਚਿਆ, ਪੋਸ਼ਧਸ਼ਾਲਾ ਵਿਚ ਟੱਟੀ ਪਿਸ਼ਾਬ ਯੋਗ ਥਾਂ ਸਾਫ ਕੀਤੀ। ਫਿਰ ਘਾਹ ਫੂਸ ਦਾ ਵਿਛੋਣਾ, ਵਿਛਾਕੇ ਪੋਸ਼ਧ ਵਰਤ ਅੰਗੀਕਾਰ ਕੀਤਾ ਅਤੇ ਭਗਵਾਨ ਮਹਾਵੀਰ ਰਾਹੀ ਪ੍ਰਗਟ ਕੀਤੇ ਧਰਮ ਉਪਦੇਸ਼ ਦਾ ਪਾਲਣ ਕਰਨ ਲਗਾ। 70।

ਇਸਤੋਂ ਬਾਅਦ ਆਨੰਦ ਸ਼੍ਰਮਣਾ ਦੇ ਉਪਾਸਕ ਨੇ ਉਪਾਸਕ ਦੀਆਂ ਪ੍ਰਤਿਮਾਵਾਂ ਸਵੀਕਾਰ ਕਰਕੇ ਧਰਮ ਵਿਚ ਘੁਮਨ ਲਗਾ। ਉਸਨੇ ਪਹਿਲਾਂ ਉਪਾਸਕ ਪ੍ਰਤਿਮਾਂ ਦਾ ਯਥਾ ਸੂਤਰ ਯਥਾਕਲਪ, ਯਥਾਮਾਰਗ, ਯਥਾ ਤੱਥਯ ਸਰੀਰ ਰਾਹੀ ਸ਼ਾਵੀਕਾਰ ਕੀਤਾ, ਪਾਲਣ ਕੀਤਾ, ਸੋਧਿਆ, ਕੀਰਤਨ ਕੀਤਾ ਅਤੇ ਅਰਾਧਨਾ ਕੀਤੀ।71।

ਇਸਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਨੇ ਦੂਸਰੀ, ਤੀਸਰੀ. ਚੌਥੀ, ਪੰਜਵੀ ਛੇਵੀਂ, ਸੱਤਵੀਂ, ਅਠਵੀਂ, ਨੌਵੀਂ, ਦਸਵੀਂ ਅਤੇ ਗਿਆਰਵੀਂ ਉਪਾਸਿਕ ਪ੍ਰਤਿਮਾਂ ਨੂੰ ਗ੍ਰਹਿਣ ਕੀਤਾ। 72।

---

1. ਦਰਸਨ ਪ੍ਰਤਿਮਾਂ :—ਜੈਨ ਧਰਮ ਤੇ ਦਰਸਨ ਪ੍ਰਤਿ ਸਹੀ ਵਿਸਵਾਸ ਰਖਣਾ ਦੇਵ ਗੁਰੂ ਦੇ ਦਸੇ ਰਾਹ ਤੇ ਸਰਧਾ ਨਾਲ ਚਲਨਾ, ਝੂਠੇ ਮੱਤਾ ਤੋਂ ਪਰੇ ਰਹਿਨਾ ਹੀ ਦਰਸ਼ਨ ਪ੍ਰਤਿਮਾਂ ਹੈ।

ਇਸਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸਕ ਦਾ ਕਸ਼ਟਕਾਰੀ, ਵਿਸ਼ਾਲ, ਮਿਹਨਤ ਅਤੇ ਤਪ ਕਾਰਣ ਸ਼ਰੀਰ ਸੁੱਕ ਗਿਆ, ਤੇ ਨਸਾਂ ਵਿਖਾਈ ਦੇਣ ਲਗ ਪਈਆਂ।73।

---

1. ਦਰਸ਼ਨ ਪ੍ਰਤਿਮਾਂ (दर्शन) :—ਜੈਨ ਧਰਮ ਦੇ ਪ੍ਰਤੀ ਸੱਚਾ (ਸਮਿਅੱਕ) ਵਿਸ਼ਵਾਸ ਰਖਣਾ ਅਰਿਹੰਤ ਦੇਵ, ਗੁਰੂ ਦੇ ਦਸੇ ਰਾਹ ਤੇ ਸ਼ਰਧਾ ਨਾਲ ਚਲਨਾ, ਝੂਠੇ ਮੱਤਾਂ ਤੋਂ ਪਰੇ ਰਹਿਣਾ ਹੀ ਦਰਸ਼ਨ ਪ੍ਰਤਿਮਾਂ ਹੈ। ਇਸ ਦਾ ਸਮਾਂ ਇਕ ਮਹੀਨਾ ਹੈ ਇਸ ਵਿਚ ਰਾਤ ਦੇ ਭੋਜਨ ਦਾ ਤਿਆਗ ਹੁੰਦਾ ਹੈ। ਦਰਸ਼ਨ ਦਾ ਅਰਥ ਹੈ ਧਰਮ ਪ੍ਰਤੀ ਸੱਚੀ ਸ਼ਰਧਾ।

2. ਵਰਤ (व्रत) ਪ੍ਰਤਿਮਾਂ :—ਪਹਿਲੀ ਪ੍ਰਤਿਮਾਂ ਸਹੀ ਵਿਸਵਾਸ਼ ਨਾਲ ਸੰਬੰਧ ਰਖਦੀ ਹੈ ਪਰ ਦੂਸਰੀ ਪ੍ਰਤਿਮਾਂ ਦਾ ਉਦੇਸ਼ ਕਰਮਾਂ ਦੇ ਚੱਕਰ ਦਾ ਖਾਤਮਾ ਵੀ ਹੈ। ਸ਼੍ਰਾਵਕ 12 ਵਰਤਾਂ ਦਾ ਦਰਿੜ੍ਹਤਾ ਨਾਲ ਪਾਲਨ ਕਰਣਾ ਹੈ ਇਸ ਸਮੇਂ ਸ਼੍ਰਾਵਕ 5 ਅਣੂਵਰਤ 3 ਗੁਣਵਰਤ ਤੇ 4 ਸਿਖਿਆ ਵਰਤ ਨੂੰ ਧਾਰਣ ਕਰਦਾ ਹੈ ਪਰ ਇਸ ਦਾ ਸਮਾਂ ਦੋ ਮਹੀਨੇ ਹੈ ਸਮਾਇਕ ਅਤੇ ਦੇਸ਼ਅਵਕਾਸ਼ਿਤ ਵਰਤ ਦਾ ਠੀਕ ਢੰਗ ਨਾਲ ਪਾਲਣ ਨਹੀਂ ਕਰਦਾ।

3. ਸਮਾਇਕ ਪ੍ਰਤਿਮਾਂ (समायिक) :—ਦਿਨ ਵਿਚ ਤਿੰਨ ਵਾਰ ਸਮਾਇਕ ਕਰਨਾ, ਸ਼ੀਲ ਵਰਤ, ਗੁਣ ਵਰਤ, ਵਿਰਮਨ ਪੱਛਖਾਨ ਅਤੇ ਪੌਸ਼ਧ ਇਸ ਵਿਚ ਸ਼ਾਮਲ ਹਨ ਇਸ ਪ੍ਰਤਿਮਾਂ ਵਿਚ ਉਪਾਸ਼ਕ ਸਮਾਇਕ ਦੇ ਦੇਸ਼ਅਵਕਾਸ਼ਿਕ ਵਰਤ ਦਾ ਪਾਲਨ ਤਾਂ ਕਰਦਾ ਹੈ ਪਰ 14, 8, 11, 15 ਤਰੀਕਾਂ ਨੂੰ ਪੌਸ਼ਧਾਂ ਦਾ ਠੀਕ ਤਰਾਂ ਨਾਲ ਪਾਲਨ ਨਹੀਂ ਕਰਦਾ ਇਸ ਦਾ ਸਮਾਂ 3 ਮਹੀਨੇ ਹੈ।

4. ਪੌਸ਼ਧ ਪ੍ਰਤਿਮਾਂ (पोषध) :—ਉਪਰੋਕਤ ਪ੍ਰਤਿਮਾਵਾਂ ਨਾਲ 14, 8, 11, 15 ਨੂੰ ਪੌਸ਼ਧ ਕਰਨਾ, ਇਸ ਵਿਚ ਸ਼ਾਮਲ ਹੈ ਇਸਦਾ ਸਮਾਂ 4 ਮਹੀਨੇ ਹੈ।

5. ਕਾਯੋਤਸਰਗ (कायोत्सर्ग) ਪ੍ਰਤਿਮਾਂ—ਸਰੀਰ ਅਤੇ ਸਰੀਰ ਤੇ ਪਹਿਨੇ ਵਸਤਰਾਂ ਪ੍ਰਤੀ ਕੁਝ ਸਮੇਂ ਲਈ ਮੋਹ ਹੀ ਕਾਯੋਤਸਰਗ ਹੈ ਮਨ ਤੇ ਆਤਮ ਨੂੰ ਸੰਸਾਰਿਕ ਝੰਜਟਾਂ ਤੋਂ ਹਟਾ ਕੇ ਰਾਤ ਨੂੰ ਆਤਮ ਚਿੰਤਨ ਕਰਨਾ ਇਸ ਦਾ ਸਮਾਂ 5 ਮਹੀਨੇ ਹੈ ਇਹ ਪ੍ਰਤਿਮਾਂ ਦਾ ਘਟੋ ਘਟ ਸਮਾਂ ਇਕ ਦਿਨ, ਦੋ ਦਿਨ, ਤਿੰਨ ਦਿਨ ਜਾਂ 5 ਮਹੀਨੇ ਹੈ। ਦਿਗੰਬਰ ਪਰੰਪਰਾ ਵਿਚ ਇਥੇ ਸਚਿਤ ਤਿਆਗ ਦਾ ਵਰਨਣ ਹੈ।

6. ਬ੍ਰਹਮਚਰਜ (ब्रह्मचर्य) ਪ੍ਰਤਿਮਾਂ—ਪੰਜ ਪ੍ਰਤਿਮਾਵਾਂ ਤੋਂ ਬਾਅਦ 6 ਵੀਂ ਪ੍ਰਤਿਮਾਂ ਬ੍ਰਹਮਚਰਜ ਸਬੰਧੀ ਹੈ ਬ੍ਰਹਮਚਰਜ ਪਾਲਣ ਤੋਂ ਛੁਟ ਇਸਤਰੀਆਂ ਪ੍ਰਤੀ ਵਾਰਤਾਲਾਪ, ਸਿੰਗਾਰ ਵਰਨਣ ਇਸ ਵਿਚ ਮਨ੍ਹਾ ਹੈ। ਸਚਿੱਤ ਭੋਜਨ ਅਤੇ ਰਾਤਰੀ ਭੋਜਨ ਦਾ ਤਿਆਗ ਇਸ ਵਿਚ ਸ਼ਾਮਲ ਹੈ ਦਿਗੰਬਰ ਪਰੰਪਰਾ ਵਿਚ, ਇਸਦਾ ਨਾਂ ਰਾਤਰੀਭੋਜਨ (रात्री-

ਇਸਤੋਂ ਬਾਅਦ ਇਕ ਦਿਨ ਆਨੰਦ ਸ਼੍ਰਮਣ ਦੇ ਉਪਾਸਕ ਨੂੰ ਅਧੀ ਰਾਤ ਦੇ ਪੱਖ ਵਿਚ ਧਰਮ ਦਾ ਚਿੰਤਨ ਕਰਦੇ ਹਏ, ਇਹ ਵਿਚਾਰ ਹੋਇਆ, "ਹੁਣ ਮੈਂ ਤਪਸਿਆ ਕਾਰਨ ਕਮਜ਼ੋਰ ਹੋ ਗਿਆ ਹਾਂ, ਨਸਾਂ ਵਿਖਾਈ ਦੇਣ ਲਗ ਪਈਆਂ ਹਨ, ਫਿਰ ਵੀ ਅਜੇ ਤਕ ਉਥਾਨ (ਵਿਕਾਸ ਦੀ ਭਾਵਨਾ, ਉਠਣ, ਬੈਠਣ, ਚੱਲਣ ਦੀ ਸ਼ਕਤੀ) ਕਰਮ ਬਲ, ਵੀਰਜ(ਆਤਮਿਕ ਸ਼ਕਤੀ), ਪੁਰਸ਼ਾਰਥ, ਪਰਾਕਰਮ, ਸ਼ਰਧਾ, ਧੀਰਜ (ਹੌਸਲਾ) ਕਿਸੇ ਵੀ ਪ੍ਰਕਾਰ ਦੇ ਦੁਖ, ਮੁਸੀਬਤ ਤੋਂ ਨਾ ਘਬਰਾਉਣਾ) ਅਤੇ ਸੰਵੇਗ (ਆਤਮਾ ਦਾ ਵਿਵੇਕ ਅਤੇ ਸੰਸਾਰਿਕ ਚੀਜ਼ਾਂ ਪ੍ਰਤੀ ਮਮਤਾ ਨਾ ਰਖਣਾ) ਮੌਜੂਦ ਹੈ। ਇਸ ਲਈ ਜਦ ਤਕ ਮੇਰੇ ਵਿਚ ਉਪਰੋਕਤ ਸ਼ਕਤੀਆਂ ਮੌਜੂਦ ਹਨ ਅਤੇ ਜਦ ਤਕ ਮੈਨੂੰ ਧਰਮ ਦਾ ਉਪਦੇਸ਼ ਦੇਣ ਵਾਲੇ ਧਰਮ-ਅਚਾਰੀਆ ਸ਼੍ਰਮਣ ਭਗਵਾਨ ਮਹਾਵੀਰ, ਜਿਨ ਗੰਧ ਹਾਥੀ ਦੀ ਤਰ੍ਹਾਂ ਧਰਤੀ ਤੇ ਘੁਮ ਰਹੇ ਹਨ ਮੇਰੇ ਲਈ ਇਹ ਚੰਗਾ ਹੋਵੇਗਾ ਕਿ ਮੈਂ ਆਖਰੀ ਸੰਲੇਖਣਾ (ਗਿਆਨੀਆਂ ਵਾਲੀ ਮੌਤ) ਗ੍ਰਹਿਨ ਕਰਾਂ। ਭੋਜਨ ਪਾਣੀ ਆਦਿ ਦਾ ਤਿਆਗ ਕਰਾਂ ਮੌਤ ਦੀ ਇਛਾ ਨਾ ਕਰਦਾ ਹੋਇਆ ਇਕ ਚਿੱਤ ਹੋਕੇ ਆਖਰੀ ਸਮਾਂ ਗੁਜ਼ਾਰਾਂ।74।

---

ਭੋਜਨ) ਪ੍ਰਤਿਮਾਂ ਜਾਂ ਦਿਵਾਮੈਥੁਨ ਤਿਆਗ ਪ੍ਰਤਿਮਾ ਹੈ। ਇਸਦਾ ਸਮਾਂ 6 ਸਹੀਨੇ ਹੈ।

7. ਸਚਿੱਤਾਅਹਾਰ ਵਰਜਨ (सचिताहार वर्जन) ਪ੍ਰਤਿਮਾਂ—ਇਸ ਪ੍ਰਤਿਮਾਂ ਵਿਚ ਸ਼੍ਰਾਵਕ ਹਰ ਕਿਸਮ ਦੇ ਸਚਿੱਤ ਭੋਜਨ ਦਾ ਤਿਆਗ ਕਰਦਾ ਹੈ ਬ੍ਰਮਚਰਜ ਦਾ ਮਜ਼ਬੂਤੀ ਨਾਲ ਪਾਲਨ ਕਰਦਾ ਹੈ ਇਸਦਾ ਸਮਾਂ 6 ਮਹੀਨੇ ਹੈ।

8. ਸਵੇਅਰੰਭਵਰਜਨ (स्वयं आरम्भ वर्जन) ਪ੍ਰਤਿਮਾਂ—ਇਸ ਪ੍ਰਤਿਮਾਂ ਵਿਚ ਉਪਾਸਕ ਕਿਸੇ ਪ੍ਰਕਾਰ ਦੀ ਹਿੰਸਾ ਨਹੀਂ ਕਰਦਾ। ਸਚਿੱਤ ਭੋਜਨ ਦਾ ਤਿਆਗ ਕਰਦਾ ਹੈ, ਪਰ ਉਪਾਸਕ ਰੋਜਗਾਰ ਜਾਂ ਦੂਸਰੇ ਤੋਂ ਕੰਮ ਕਰਾਉਣ ਦਾ ਤਿਆਗ ਨਹੀਂ ਕਰਦਾ, ਇਸਦਾ ਸਮਾਂ ਘਟੋ ਘਟ ਇਕ ਦੋ, ਤਿੰਨ ਦਿਨ ਅਤੇ ਜ਼ਿਆਦਾ ਤੋਂ ਜ਼ਿਆਦਾ 8 ਮਹੀਨੇ ਹੈ।

9. ਭਰਿਤਕ ਪ੍ਰੇਸ਼ਯਾਂ ਆਰੰਭ ਵਰਜਨ ਪ੍ਰਤਿਮਾਂ (भृतकप्रेष्यारम्भव वर्जन) ਨੌਵੀਂ ਪ੍ਰਤਿਮਾਂ ਦਾ ਪਾਲਣ ਕਰਨ ਵਾਲਾ ਉਪਰੋਕਤ ਨਿਯਮਾਂ ਦਾ ਪਾਲਣ ਤਾਂ ਕਰਦਾ ਹੈ, ਪਰ ਜੋ ਭੋਜਨ ਉਸ ਲਈ ਬਨਾਇਆ ਗਿਆ ਹੈ ਉਸ ਭੋਜਨ ਨੂੰ ਗ੍ਰਹਿਣ ਕਰਨ ਦਾ ਤਿਆਗ ਨਹੀ ਕਰਦਾ, ਉਹ ਨਾ ਤਾਂ ਭੋਜਨ ਸਬੰਧੀ ਹਿੰਸਾ ਆਪ ਕਰਦਾ ਹੈ ਨਾ ਦੂਸਰੇ ਤੋਂ ਕਰਵਾਉਂਦਾ ਹੈ, ਪਰ ਉਸਨੂੰ ਇਹ ਆਗਿਆ ਹੈ ਕਿ ਉਹ ਕਿਸੇ ਨੂੰ ਇਸ ਸਬੰਧੀ ਆਖ ਸਕਦਾ ਹੈ ਪ੍ਰਤਿਮਾਂ ਦਾ ਘਟੋ ਘਟ ਸਮਾਂ ਇਕ, ਦੋ, ਤਿੰਨ ਦਿਨ ਹੈ ਜਿਆਦਾ ਤੋਂ ਜਿਆਦਾ 9 ਮਹੀਨੇ ਹੈ।

ਇਸ ਪ੍ਰਕਾਰ, ਧਰਮ ਚਿੰਤਨ ਕਰਦੇ ਹੋਏ, ਆਨੰਦ ਸ੍ਰਮਣਾਂ ਦੇ ਉਪਾਸਕ ਨੂੰ, ਇਕ ਦਿਨ ਸ਼ੁਭ ਅਧਿਆਵਸਾਏ ਸ਼ੁਭ ਪਰਿਨਾਮ ਅਤੇ ਸ਼ੁਧ ਲੇਸ਼ਿਆ ਦੇ ਕਾਰਨ ਅਵਧੀ ਗਿਆਨ-ਆਵਰਨ ਕਰਮ ਦੇ ਖਾਤਮਾ ਹੋਣ ਤੇ ਅਵਧੀ ਗਿਆਨ ਪ੍ਰਾਪਤ ਹੋ ਗਿਆ। ਸਿਟੇ ਵਜੋਂ ਉਹ ਪੂਰਵ, ਪੱਛਮ ਦੇ ਵਲ ਲਵਨਸਮੁੰਦਰ ਤਕ 500 ਯੋਜਨ ਦੀ ਦੂਰੀ ਤਕ ਜਾਨਣ ਅਤੇ ਵੇਖਣ ਲਗਾ। ਉਤਰ ਦਿਸ਼ਾ ਵਲ ਕਸ਼ੁਲਹਿਮਵਾਨ ਵਰਸ਼ਧਰ ਪਰਵਤ ਨੂੰ, ਉਰਧਵ ਲੋਕ ਵਿਚ ਸ਼ਧੌਰਮ ਕਲਪ ਤਕ ਅਤੇ ਅਧੋ ਲੋਕ ਵਿਚ 84000 ਸਾਲ ਦੀ ਸਥਿਤੀ ਵਾਲੇ ਲੋਲੂਪਾਚਯਤ ਨਰਕ ਨੂੰ ਜਾਨਣ ਤੇ ਵੇਖਣ ਲਗਾ। ।75।

ਉਸ ਕਾਲ ਤੇ ਉਸ ਸਮੇਂ ਭਗਵਾਨ ਮਹਾਵੀਰ ਪਿੰਡਾਂ, ਸ਼ਹਿਰਾਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਵਨਿਜਗਰਾਮ ਦੇ ਬਾਹਰ ਦੁਤੀਪਲਾਸ਼ ਨਾਉਂ ਦੇ ਚੇਤਯ ਵਿਚ ਪਹੁੰਚੇ। ਸ਼ਹਿਰ ਵਾਲਿਆਂ ਦੀ ਪਰਿਸ਼ਧ ਭਾਸ਼ਨ ਸੁਨਣ ਆਈ ਤੇ ਚਲੀ ਗਈ ।76।

---

10. ਉਦਿਸ਼ਟ ਭਕਤਵਰਜਨ ਪ੍ਰਤਿਮਾਂ (उद्दिष्ट भक्त वर्जन)—ਇਸ ਪ੍ਰਤਿਮਾਂ ਵਿਚ ਉਪਾਸਕ ਆਪਣੇ ਲਈ ਬਣਿਆ ਭੋਜਨ ਵੀ ਨਹੀਂ ਗ੍ਰਹਿਨ ਕਰਦਾ। ਸੰਸਾਰਿਕ ਮਾਮਲਿਆਂ ਬਾਰੇ ਰਾਏ ਪੁਛਣ ਤੇ ਇਹ ਹੀ ਆਖਦਾ ਹੈ ਕਿ "ਮੈਂ ਜਾਣਦਾ ਹਾਂ ਜਾਂ ਨਹੀਂ ਜਾਣਦਾ"। ਵਿਸਥਾਰ ਨਾਲ ਇਜਾਜਤ, ਹੁਕਮ ਜਾ ਰਾਏ ਨਹੀਂ ਦਿੰਦਾ। ਸਿਰ ਉਸਤਰੇ ਨਾਲ ਮੁਨਾਉਂਦਾ ਹੈ। ਕੋਈ ਕੋਈ ਇਕ ਬੋਦੀ ਵੀ ਰਖਦਾ ਹੈ। ਇਸਦਾ ਸਮਾਂ 1, 2, 3 ਦਿਨ ਜਿਆਦਾ ਤੋਂ ਜਿਆਦਾਂ 10 ਮਹੀਨੇ ਹੈ।

11. ਸ਼੍ਰਮਣ ਭੂਤ ਪ੍ਰਤਿਮਾਂ (श्रमण भूत)—ਇਸ ਪ੍ਰਤਿਮਾਂ ਵਿਚ ਉਪਰੋਕਤ ਸਭ ਨਿਅਮਾਂ ਦਾ ਪਾਲਣ ਕਰਦਾ ਹੈ। ਸਿਰ ਦੇ ਵਾਲ ਉਸਤਰੇ ਜਾਂ ਸ਼ਕਤੀ ਅਨੁਸਾਰ ਹਥ ਨਾਲ ਪੁਟਦਾ ਹੈ। ਪੰਜ ਮਹਾਂਵਰਤ, ਅਤੇ ਸਾਧੂ ਵਰਗਾ ਭੇਸ ਰਖਦਾ ਹੈ ਸਿਰਫ ਉਪਾਸ਼ਕ ਭੋਜਨ ਸਬੰਧੀ ਨਿਯਮਾਂ ਵਿਚ ਛੋਟ ਰਖਦਾ ਹੈ ਉਹ ਮੰਗਕੇ ਖਾਂਦਾ ਹੈ, ਪਰ ਉਸਨੂੰ ਆਪਣੇ ਰਿਸ਼ਤੇਦਾਰਾਂ ਦਾ ਭੋਜਨ ਲੈਣ ਦੀ ਖੁਲ ਹੈ। ਇਸ ਪ੍ਰਤਿਮਾਂ ਦਾ ਸਮਾਂ ਘਟੋ ਘਟ 1, 2, 3 ਦਿਨ ਤੋਂ ਜ਼ਿਆਦਾ 11 ਮਹੀਨੇ ਹੈ।

ਸਭ ਪ੍ਰਤਿਮਾਵਾਂ ਦਾ ਸਮਾਂ ਸਾਢੇ 5 ਸਾਲ ਹੈ।

ਪਾਠ ਨੰ: 71 ਦੀ ਟਿਪਣੀ

1. ਅਧਿਆਵਸਾਏ (अध्यवसाय) ਦਾ ਅਰਥ ਹੈ ਸ਼ੁਭ ਕੰਮ ਲਈ ਮਜ਼ਬੂਤ ਇਰਾਦਾ। ਭਾਵ ਸਭ ਤੋਂ ਪਹਿਲਾਂ ਆਨੰਦ ਨੇ ਤਪਸਿਆ, ਧਿਆਨ ਰਾਹੀਂ ਕਰਮਾਂ ਨਾਲ ਜੰਗ ਕਰਨ ਦਾ ਇਰਾਦਾ ਬਨਾਇਆ।

2. ਪਰਿਨਾਮ ਦਾ ਭਾਵ ਹੈ ਉਪਰੋਕਤ ਵਿਚਾਰਾਂ ਨਾਲ ਪੈਦਾ ਹੋਣ ਵਾਲਾ ਹੌਸਲਾ।

3. ਸ਼ਾਸਤਰਾਂ ਵਿਚ ਲੈਸ਼ਿਆ 6 ਹਨ (1) ਕ੍ਰਿਸ਼ਨ (2) ਨੀਲ (3) ਕਪੋਤ (4) ਤੇਜਸ (5) ਪਦਮ (6) ਸ਼ੁਕਲ।

ਨੀਲ ਆਦਿ ਲੈਸ਼ਿਆ ਤੋਂ ਸ਼ੁਧ ਭਾਵਨਾਵਾਂ ਪੈਦਾ ਹੁੰਦੀਆਂ ਹਨ ਹੋਰ ਲੈਸ਼ਿਆਵਾਂ ਬਾਰੇ ਵਿਸਥਾਰ ਨਾਲ ਸ਼੍ਰੀ ਉਤਰਾਧਿਐਨ ਸੂਤਰ (ਅਨੁਵਾਦਕ ਰਵਿੰਦਰ ਕੁਮਾਰ ਜੈਨ) ਵਿਚ ਪੜ੍ਹੋ।

1. ਜੈਨ ਧਰਮ ਅਨੁਸਾਰ ਗਿਆਨ ਪੰਜ ਪ੍ਰਕਾਰ ਦਾ ਹੈ। (1) ਮਤੀ ਗਿਆਨ (2) ਸ਼ਰੁਤੀ ਗਿਆਨ (3) ਅਵਧੀ ਗਿਆਨ (4) ਮਨ ਪਰਯਵ ਗਿਆਨ (5) ਕੇਵਲ ਗਿਆਨ

ਜੈਨ ਧਰਮ ਅਨੁਸਾਰ ਆਤਮਾ ਅਨੰਤ ਗਿਆਨ, ਦਰਸ਼ਨ ਸੁੱਖ ਅਤੇ ਸ਼ਕਤੀ ਦਾ ਘਰ ਹੈ। ਉਹ ਕਿਹੜਾ ਕੰਮ ਹੈ ਜੋ ਆਤਮਾ ਨਹੀਂ ਕਰ ਸਕਦੀ। ਆਤਮਾ ਉਪਰੋਕਤ ਗੁਣਾਂ ਨਾਲ ਪ੍ਰਮਾਤਮਾ ਬਣ ਸਕਦੀ ਹੈ। ਪਰ ਇਨ੍ਹਾਂ ਗੁਣਾਂ ਰੂਪੀ ਸ਼ੀਸ਼ੇ ਤੇ ਕਰਮਾਂ ਦੀ ਧੂੜ ਪਈ ਹੈ। ਕਰਮ ਅੱਠ ਹਨ ਪਰ ਪਹਿਲੇ ਚਾਰ ਕਰਮਾਂ ਦਾ ਸੰਬੰਧ ਆਤਮਾ ਨਾਲ ਹੈ। ਅਤੇ ਬਾਕੀ ਚਾਰ ਆਤਮਾ ਨੂੰ ਭਿੰਨ-ਭਿੰਨ ਜਨਮਾਂ ਵਿਚ ਭਟਕਾਉਂਦੇ ਹਨ। ਆਤਮਾ ਦੇ ਗੁਣਾਂ ਨੂੰ ਢਕਣ ਵਾਲੇ ਇਹ ਚਾਰ ਕਰਮ ਹਨ :—

1. ਗਿਆਨਾਵਰਨੀਆਂ —ਅਗਿਆਨ ਦਾ ਕਾਰਣ।
2. ਦਰਸ਼ਨਾਵਰਨੀਆ—ਸਚੇ ਵਿਸ਼ਵਾਸ਼ ਵਿਚ ਰੁਕਾਵਟ ਦਾ ਕਾਰਣ।
3. ਮੋਹਨੀਆਂ—ਸੁਖ ਦਾ ਨਾਸ਼ ਕਰਨ ਵਾਲਾ।
4. ਅੰਤਰਾਏ—ਸ਼ਕਤੀ ਦੇ ਨਾਸ਼ ਦਾ ਕਾਰਣ।

ਗਿਆਨ ਵਰਨੀਆਂ ਕਰਮ ਦੇ ਪੰਜ ਭੇਦ ਹਨ :—

1. ਮਤੀ ਗਿਆਨਾਵਰਣ (2) ਸ਼ਰੁਤੀ ਗਿਆਨਾਵਰਣ (3) ਅਵਧੀਗਿਆਨਾਵਰਣ (4) ਮਨਪਰਯਵ ਗਿਆਨਾਵਰਣ (5) ਕੇਵਲ ਗਿਆਨਾਵਰਣ।

## ਅਵਧੀ ਗਿਆਨ

ਇਥੇ ਆਨੰਦ ਦੇ ਅਵਧੀ ਗਿਆਨਾਵਰਨ ਦੇ ਖਾਤਮੇ ਦਾ ਵਰਨਣ ਹੈ। ਜਿਸਦੇ ਖਾਤਮੇ ਦੇ ਨਾਲ ਉਸ ਨੂੰ ਅਵਧੀ ਗਿਆਨ ਪ੍ਰਾਪਤ ਹੋਇਆ।

ਅਵਧੀ ਗਿਆਨ ਉਹ ਹੈ ਜੋ ਆਮ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ ਇਸ ਗਿਆਨ ਰਾਹੀਂ ਇਸ ਗਿਆਨ ਦਾ ਧਾਰਕ ਦੂਰ ਦੂਰ ਪਈਆਂ ਚੀਜਾਂ ਇੰਦ

ਉਸ ਕਾਲ ਅਤੇ ਉਸ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਦੇ ਪ੍ਰਧਾਨ (ਮੁੱਖ) ਚੇਲੇ, ਗੌਤਮ ਗੋਤਰ ਦੇ ਇੰਦਰਭੂਤੀ ਅਣਗਾਰ ਘੁਮ ਰਹੇ ਸਨ। ਉਨ੍ਹਾਂ ਦਾ ਸਰੀਰ ਸੱਤ ਹੱਥ ਉੱਚਾ ਸੀ। ਸਮਚਤੁਰਸੰਸਥਨ ਵਜਰਰਿਸ਼ਵਠਰਾਂਚ ਸੰਹਨਣ (ਸਰੀਰ) ਕਸੌਟੀ ਤੇ ਪਈ ਸੋਨੇ ਦੀ ਲਕੀਰ ਅਤੇ ਪਦਮ ਸਾਮਾਨ ਉਨਾਂ ਦਾ ਗੋਰਾ ਰੰਗ ਸੀ ਉਹ ਕਠੋਰ ਤਪਸੱਵੀ (ਤਪਸਿਆ ਵਿਚ ਸਰੀਰ ਦਾ ਮੋਹ ਨਾ ਕਰਨ ਵਾਲੇ) ਮਹਾਂਤਪਸੱਵੀ, ਵਿਸ਼ਾਂਲ ਹਿਰਦੇ ਵਾਲੇ, ਮਹਾਂ ਗੁਣਵਾਨ, ਮਹਾਨ ਤਪਸ਼ਿਆ ਰੂਪੀ ਹਨ ਦੇ ਬਾਦਸਾਹ, ਕਠੋਰ ਬ੍ਰਹਮਚਾਰੀ, ਸਰੀਰ ਤੋਂ ਨਿਰਮਲ, ਮਹਾਨ ਤੇਜੋਲੇਸ਼ਿਆ ਦੇ ਮਾਲਿਕ ਸਨ। ਲਗਾਤਾਰ 2–2 ਦਿਨ ਦਾ ਵਰਤ ਕਰਦੇ, ਹੋਏ ਤਪ ਰਾਂਹੀਂ ਆਤਮਾ ਦਾ ਵਿਕਾਸ ਕਰ ਰਹੇ ਸਨ। 77।

---

ਵੇਖ ਲੈਂਦਾ ਹੈ। ਜਿਵੇਂ ਬਿਲਕੁਲ ਅੱਖਾਂ ਦੇ ਸਾਹਮਣੇ ਹੋਣ। ਜਦੋਂ ਕਿ ਆਮ ਅੱਖਾਂ ਦੀ ਪਕੜ ਤੋਂ ਉਪਰੋਕਤ ਚੀਜ਼ਾਂ ਬਾਹਰ ਹੁੰਦੀਆਂ ਹਨ।

1. ਜੈਨ ਭੂਗੋਲ ਅਨੁਸਾਰ ਮਨੁੱਖ ਖੇਤਰ ਢਾਈ ਦੀਪਾਂ ਤਕ ਫੈਲਿਆ ਹੋਇਆ ਹੈ। ਦਰਮਿਆਨ ਵਿਚ ਜੰਬੂ ਦੀਪ ਹੈ ਜੋ ਇਕ ਲਖ ਯੋਜਨ ਲੰਬਾ ਇਕ ਲਖ ਯੋਜਨ ਚੌੜਾ ਹੈ। ਅਤੇ ਇਹ ਦੀਪ ਗੋਲ ਹੈ ਇਸਦੇ ਚਾਰ ਪਾਸ਼ੇ ਲਵਨ ਸਮੁੰਦਰ ਹੈ ਲਵਨ ਸਮੁੰਦਰ ਦੇ ਚਾਰੋਂ ਪਾਸੇ ਧਾਤਕੀ ਖੰਡ ਦੀਪ ਹੈ ਉਸ ਦੀਪ ਦੇ ਚਾਰੇ ਪਾਸੇ ਕਾਲੋਦੀਪ ਸਮੁੰਦਰ ਹੈ ਉਸਦੇ ਚਾਰੇ ਪਾਸੇ ਪੁਸ਼ਕਰ ਦੀਪ ਹੈ ਇਸ ਦੀਪ ਦੇ ਦਰਮਿਆਨ ਵਿਚ ਹੀ ਮਨੁਸ਼ੋਧਰਪਰਵਤ ਹੈ ਮਨੁਖ ਇਥੇ ਤਕ ਵਾਸ ਕਰਦੇ ਹਨ।

(2) ਵਰਸ਼ਧਰ ਪਰਬਤ–ਜੰਬੂਦੀਪ ਵਿਚਕਾਰ ਮੇਰੂ ਪਰਬਤ ਹੈ ਮੇਰੂਪਰਬਤ ਦੇ ਦਖਣ ਵਲ ਭਰਤ (ਭਾਰਤ) ਆਦਿ 6 ਖੰਡ ਹਨ ਵਰਸ਼ਧਰ ਪਰਬਤ ਇਨਾਂ ਨੂੰ ਦੋ ਹਿਸਿਆਂ ਵਿਚ ਵੰਡਦਾ ਹੈ। ਇਸ ਵਾਰੇ ਜਿਆਦਾ ਵਿਸਥਾਰ ਜੰਬੂਦੀਪ ਪ੍ਰਗਪਤੀ ਅਤੇ ਤਤਵਾਰਥ ਸੂਤਰ ਵਿਚ ਹੈ।

(3) ਉਰਧਵਲੋਕ ਵਿਚ ਪਹਿਲਾ ਦੇਵ ਲੋਕ ਸੋਧਰਮ ਹੈ।

(4) ਨਰਕਾਂ ਸੱਤ ਹਨ ਪਹਿਲੀ ਨਰਕ ਰਤਨ ਪ੍ਰਭਾ ਦਾ ਇਕ ਖਾਸ ਹਿਸਾ ਲੋਲੁਪਾਚਯੁਤ ਹੈ।

ਇਥੇ ਜੋ ਨਾਰਕੀ ਜਨਮ ਲੈਂਦਾ ਹੈ ਉਸਦੀ ਉਮਰ 84000 ਸਾਲ ਤਕ ਹੈ।

ਪਾਠ ਨੰ: 73 ਦੀ ਟਿਪਣੀ

ਸਮਚਤੁਰਸ ਸਥਾਨ :—

1. ਇਸ ਦਾ ਅਰਥ ਹੈ ਸਿਰ ਤੋਂ ਲੇਕੇ ਪੈਰਾਂ ਤਕ ਸਾਰੇ ਅੰਗ ਦਾ ਇਕ ਦੂਸਰੇ

ਇਸਤੋਂ ਬਾਅਦ ਭਗਵਾਨ ਗੌਤਮ ਨੇ ਦੋ ਦਿਨਾਂ ਦੇ ਵਰਤ ਖੋਲਣ ਵਾਲੇ ਦਿਨ ਪਹਿਲੇ ਪਹਿਰ ਸਵਾਧਿਆਏ ਕੀਤ।, ਦੂਸਰੇ ਪਹਿਰ ਵਿਚ ਧਿਆਨ ਕੀਤਾ, ਤੀਸਰੇ ਪਹਿਰ ਬਿਨਾ ਛੇਤੀ ਕੀਤੇ, ਤੇਜ਼ੀ ਅਤੇ ਚਲਾਕੀ ਤੋਂ ਰਹਿਤ ਸ਼ਾਂਤ ਚਿਤ ਹੋ ਕੇ ਮੂੰਹਪਟੀ, ਭਾਂਡੇ ਤੇ ਕਪੜਿਆਂ ਦੀ ਝਾੜ ਪੂੰਝ ਕੀਤੀ, ਅਤੇ ਦੇਖ ਭਾਲ ਕੀਤੀ। ਇਸਤੋਂ ਬਾਅਦ ਜਿਥੇ ਭਗਵਾਨ ਮਹਾਂਵੀਰ ਵਿਰਾਜਮਾਨ ਸਨ, ਉਥੇ ਪਹੁੰਚੇ ਉਨਾਂ ਨੂੰ ਬੰਦਨਾਂ, ਨਮਸਕਾਰ ਕੀਤਾ ਅਤੇ ਪੁਛਿਆ "ਹੇ ਭਗਵਾਨ ! ਜੇ ਆਪ ਜੀ ਦੀ ਇਜ਼ਾਜਤ ਹੋਵੇ ਤਾਂ ਮੈਂ ਦੋ ਦਿਨਾਂ ਦਾ ਵਰਤ ਖੋਲਣ ਲਈ ਵਨਿਜ ਗਰਾਮ ਵਿਚ ਉਚ, ਨੀਚ ਤੇ ਮਧੱਮ ਸਾਰੇ ਪਰਿਵਾਰਾਂ ਤੋਂ ਭੋਜਨ ਮੰਗਣਾ ਚਾਹੁੰਦਾ ਹਾਂ।

ਭਗਵਾਨ ਨੇ ਫਰਮਾਇਆ ! "ਹੇ ਦੇਵਾਨੁਪ੍ਰਿਯ ! ਜਿਵੇਂ ਤੇਰੀ ਆਤਮਾ ਨੂੰ ਸੁੱਖ ਹੋਵੇ ਉਸੇ ਪ੍ਰਕਾਰ ਕਰੋ, ਪਰ ਕਿਸੇ ਕੰਮ ਵਿਚ ਅਣਗਹਿਲੀ ਨਾ ਕਰੋ।" ।78।

ਇਸਤੋਂ ਬਾਅਦ ਭਗਵਾਨ ਗੌਤਮ, ਭਗਵਾਨ ਮਹਾਵੀਰ ਦੀ ਇਜ਼ਾਜ਼ਤ ਲੈਕੇ ਦਤੀਪਲਾਸ਼ ਚੇਤਯ ਤੋਂ ਬਾਹਰ ਆਏ। ਚਾਲਾਕੀ ਅਤੇ ਘਬਰਾਹਟ ਤੋਂ ਰਹਿਤ ਹੋਕੇ ਹੌਸਲੇ ਤੇ ਸ਼ਾਂਤੀ ਨਾਲ ਸਾਢੇ ਤਿੰਨ ਹੱਥ ਜ਼ਮੀਨ ਆਪਣੇ ਅੱਖਾਂ ਅਗੇ ਵੇਖਦੇ ਹੋਏ ਵਨਿਜਗਰਾਮ ਨਗਰ ਵਿਚ ਆਏ ਅਤੇ ਉਚ, ਨੀਚ, ਮਧੱਮ ਕੁਲਾਂ ਤੋਂ ਸਿਲਸਲੇਵਾਰ ਭਿਕਸ਼ਾ ਲੈਣ ਲਗੇ ।79।

---

ਦੇ ਅਨੁਕੂਲ ਅਤੇ ਸੁੰਦਰ ਹੋਣਾ।

2. ਸਹਨੰਨ ਤੋਂ ਭਾਵ ਹੈ ਸਰੀਰ ਦੇ ਅੰਗਾਂ ਦਾ ਜੋੜ, ਕਈ ਮਨੁੱਖਾਂ ਦਾ ਸਰੀਰ ਏਨਾ ਕੋਮਜ਼ੋਰ ਹੁੰਦਾ ਹੈ ਕਿ ਥੋੜੇ ਜਿਹੇ ਝਟਕੇ ਨਾਲ ਹੱਡੀਆਂ ਆਪਣੇ ਅਸਲ ਥਾਂ ਤੋਂ ਹਟ ਜਾਂਦੀਆਂ ਹਨ ਪਰ ਕਈ ਮਨੁਖਾਂ ਦੀਆਂ ਹੱਡੀਆਂ ਆਪਣੇ ਥਾਂ ਤੋਂ ਨਹੀਂ ਹਟਦੀਆਂ ਵਜਰ ਰਿਸ਼ਵ ਨਾਰਾਂਚ ਸਰੀਰ ਤੀਰਥੰਕਰ, ਚਕਰਵਰਤੀਆਂ ਕੁਝ ਖਾਸ ਮਹਾਂਪੁਰਸ਼ਾਂ ਦਾ ਹੁੰਦਾ ਹੈ ਇਸ ਵਿਚ ਹੱਡੀਆਂ ਤਿੰਨ ਪ੍ਰਕਾਰ ਨਾਲ ਮਿਲੀਆਂ ਹੁੰਦੀਆਂ ਹਨ।

1. ਨਾਰਾਂਚ ਤੋਂ ਭਾਵ ਹੈ ਇਕ ਹੱਡੀ ਦੂਸਰੀ ਹੱਡੀ ਵਿਚ ਕੁੰਡੇ ਦੀ ਤਰਾਂ ਫਸੀ ਹੁੰਦੀ ਹੈ।

2. ਰਿਸ਼ਵ ਤੋਂ ਭਾਵ ਹੈ ਉਸ ਹੱਡੀ ਤੇ ਮਾਸ ਦਾ ਪੱਟਾ ਚੜ੍ਹਿਆ ਹੁੰਦਾ ਹੈ।

ਇਸਤੋਂ ਬਾਅਦ ਭਗਵਾਨ ਗੌਤਮ ਨੇ ਵਨਿਜ ਗਰਾਮ ਨਗਰ ਵਿਚ ਭਗਵਤੀ ਸੂਤਰ ਅਨੁਸਾਰ ਦਸੇ ਸਾਧੂਆਂ ਦੇ ਨਿਯਮ ਅਨੁਸਾਰ ਭਿਕਸ਼ਾ ਲਈ ਅਤੇ ਅੰਨਜਲ ਗ੍ਰਹਿਣ ਕੀਤਾ, ਬਨਿਜਗਰਾਮ ਨਗਰ ਤੋਂ ਬਾਹਰ ਨਿਕਲਕੇ ਕੋਲਾਂਕ ਸਨੀਵੇਸ ਦੇ ਕੋਲ ਪਹੁੰਚੇ। ਉਥੇ ਉਹਨਾਂ ਬਹੁਤ ਸਾਰੇ ਲੋਕਾਂ ਨੂੰ ਇਸ ਪ੍ਰਕਾਰ ਗੱਲਾਂ ਕਰਦੇ ਸੁਣਿਆ—"ਹੇ ਦੇਵਾਨੂਪ੍ਰਿਯ ਸ਼੍ਰਮਣ ਭਗਵਾਨ ਮਹਾਵੀਰ ਦੇ ਚੇਲੇ ਆਨੰਦ ਸ਼੍ਰਮਣਾਂ ਦੇ ਉਪਾਸਕ ਪੌਸ਼ਧਸ਼ਾਲਾ ਵਿਚ ਸੰਲੇਖਨਾ ਕਰਦੇ ਹੋਏ ਜਨਮ ਮਰਨ ਦੀ ਇਛਾ ਤੋਂ ਰਹਿਤ ਸਾਧਨਾਂ ਕਰ ਰਹੇ ਹਨ। 80।

ਅਨੇਕਾਂ ਮਨੁੱਖਾਂ ਤੋਂ ਇਹ ਗਲ ਸੁਨ ਕੇ ਗੌਤਮ ਦੇ ਮਨ ਵਿਚ ਇਹ ਵਿਚਾਰ ਆਇਆ "ਮੈਂ ਇਧਰ ਹੀ ਜਾ ਆਵਾਂ ਅਤੇ ਆਨੰਦ ਸ਼੍ਰਮਣਾਂ ਦੇ ਉਪਾਸਕ ਨੂੰ ਵੇਖਾਂ। ਇਹ ਸੋਚ ਕੇ ਉਹ ਕੋਲਾਂਕ ਸਨੀਵੇਸ਼ ਵਿਚ ਬਨੀ ਹੋਈ ਪੌਸ਼ਧਸ਼ਾਲਾ ਵਿਚ ਬੈਠੇ ਹੋਏ ਆਨੰਦ ਸ਼੍ਰਾਵਕ ਕੋਲ ਆਇਆ। 81।

ਇਸਤੋਂ ਬਾਅਦ ਆਨੰਦ ਸ਼੍ਰਮਣਾਂ ਦੇ ਉਪਾਸ਼ਕ ਨੇ ਭਗਵਾਨ ਗੌਤਮ ਨੂੰ ਆਉਂਦੇ ਹੋਏ ਵੇਖਿਆ ਅਤੇ ਪ੍ਰਸੰਨ ਹੋਕੇ ਉਨਾਂ ਨੂੰ ਨਮਸ਼ਕਾਰ ਕਰਕ ਇਸ ਪ੍ਰਕਾਰ ਆਖਿਆ "ਹੇ ਭਗਵਾਨ ਮੈਂ ਕਠੋਰ ਤਪਸਿਆ ਕਾਰਣ ਬਹੁਤ ਕਮਜ਼ੋਰ ਹੋ ਗਿਆ ਹਾਂ। ਸਾਰੇ ਸ਼ਰੀਰ ਤੇ ਉਭਰੀਆਂ ਹੋਈਆਂ ਨਾੜੀਆਂ ਸਾਫ ਦਿਖਾਈ ਦੇ ਰਹੀਆਂ ਹਨ।

ਇਸ ਲਈ ਹੇ ਦੇਵਾਨੁਪ੍ਰਿਯ ! ਮੈਂ ਕੋਲ ਆ ਕੇ ਤਿੰਨ ਵਾਰ ਮੱਥਾ ਝੁਕਾ ਕੇ ਚਰਨਾਂ ਵਿਚ ਨਮਸ਼ਕਾਰ ਕਰਨ ਤੋਂ ਅਸਮਰਥ ਹਾਂ। ਭਗਵਾਨ ! ਆਪ ਹੀ ਬਿਨਾਂ ਕਿਸੇ ਦਬਾਓ ਦੇ ਮੇਰੇ ਕੋਲ ਪਧਾਰੋ, ਤਾਕਿ ਮੈਂ ਦੇਵਾਨੂਪ੍ਰਿਯ ਦੇ ਚਰਨਾਂ ਵਿਚ ਤਿੰਨ ਵਾਰ ਮਥਾ ਝੁਕਾ ਕੇ ਬੰਦਨਾ ਨਮਸਕਾਰ ਕਰ ਸਕਾਂ। 82।

ਇਸਤੋਂ ਬਾਅਦ ਗੌਤਮ ਆਨੰਦ ਸ੍ਰਮਣਾਂ ਦੇ ਉਪਾਸਕ ਕੋਲ ਆ ਗਏ।83।

ਇਸਤੋਂ ਬਾਅਦ ਆਨੰਦ ਨੇ ਭਗਵਾਨ ਗੌਤਮ ਨੂੰ ਤਿੰਨ ਵਾਰ ਮਥਾ ਝੁਕਾ ਕੇ ਬੰਦਨਾ, ਨਮਸਕਾਰ ਕੀਤਾ ਅਤੇ ਪੁਛਿਆ "ਹੇ ਭਗਵਾਨ ਕਿ ਗ੍ਰਹਿਸਥੀ ਨੂੰ ਘਰ ਵਿਚ ਰਹਿੰਦੇ ਹੋਏ ਅਵਧੀ ਗਿਆਨ ਹੋ ਸਕਦਾ ਹੈ ?" ਗੌਤਮ ਨੇ ਉੱਤਰ ਦਿਤਾ "ਹਾਂ" ਆਨੰਦ

---

3. ਕੀਲਕ ਤੋਂ ਭਾਵ ਹੈ ਪੂਰੇ ਜੋੜ ਜਿਸ ਵਿਚ ਮੇਖ ਨਹੀਂ ਹੁੰਦੀ ਹੈ ਸ਼੍ਰੀ ਗੌਤਮ ਸਵਾਮੀ ਬਾਰੇ ਸ੍ਰੀ ਸਾਂਤਾਅਚਾਰੀਆਂ ਨੇ ਆਪਣੀ ਸ਼੍ਰੀ ਜੰਬੂ ਦੀਪ ਪਰਗਯਪਤੀ ਸੂਤਰ ਦੀ ਵਿਰਤੀ ਵਿਚ ਅਜਿਹਾ ਹੀ ਵਰਨਣ ਕੀਤਾ ਹੈ।

ਨੇ ਕਿਹਾ "ਭਗਵਾਨ ! ਜੇ ਗ੍ਰਹਿਸਥੀ ਨੂੰ ਘਰ ਵਿਚ ਰਹਿੰਦੇ ਅਵਧੀ ਗਿਆਨ ਹੋ ਸਕਦਾ ਹੈ ਤਾਂ ਮੈਨੂੰ ਵੀ ਅਵਧੀ ਗਿਆਨ ਹੋ ਗਿਆ ਹੈ।" "ਉਸ ਗਿਆਨ ਕਾਰਣ ਮੈਂ ਪੂਰਵ ਦੇ ਵਲ ਲਵਣਸਮੁੰਦਰ ਵਿਚ 500 ਯੋਜਨ ਅਧੋਲੋਕ ਵਿਚ ਲੋਲਾਯਾਚਯੁਤ ਨਰਕ ਤਕ ਜਾਨਣ ਯੋਗ ਹੋ ਗਿਆ ਹਾਂ ਅਤੇ ਉਪਰੋਕਤ ਖੇਤਰ ਤਕ ਵੇਖਣ ਲਗਾ ਹਾਂ" ।84।

ਇਸਤੋਂ ਬਾਅਦ ਭਗਵਾਨ ਗੌਤਮ ਨੇ ਆਨੰਦ ਸ਼੍ਰਮਣਾਂ ਦੇ ਉਪਾਸਕ ਨੂੰ ਇਸ ਪ੍ਰਕਾਰ ਕਿਹਾ "ਹੇ ਆਨੰਦ ਗ੍ਰਹਿਸਥ ਵਿਚ ਰਹਿੰਦੇ ਹੋਏ ਗ੍ਰਹਿਸਥੀ ਨੂੰ ਅਵਧੀ ਗਿਆਨ ਤਾਂ ਹੋ ਸਕਦਾ ਹੈ ਪਰ ਇਨਾਂ ਵਿਸ਼ਾਲ ਨਹੀਂ, ਇਸ ਲਈ ਹੇ ਆਨੰਦ ਤੂੰ ਝੂਠ ਬੋਲਣ ਦੀ ਆਲੋਚਨਾ (ਪ੍ਰਾਸ਼ਚਿਤ) ਕਰ। ਸਿਟੇ ਵਜੋਂ ਆਤਮ ਸ਼ੁਧੀ ਲਈ ਯੋਗ ਤਪਸਿਆ ਕਰ" ।85।

ਇਸਤੋਂ ਬਾਅਦ ਆਨੰਦ ਭਗਵਾਨ ਗੌਤਮ ਨੂੰ ਆਖਣ ਲਗਾ "ਹੇ ਭਗਵਾਨ, ਕਿ ਜੈਨ ਧਰਮ ਦੇ ਉਪਦੇਸ਼ ਵਿਚ ਸੱਚੇ ਤਤਵ ਗਿਆਨੀ ਅਤੇ ਤਥ (ਅਸਲੀਅਤ) ਵਾਲਿਆਂ ਤੇ ਚੰਗੇ ਭਾਵ ਵਾਲੇ ਨੂੰ ਆਲੋਚਨਾ ਕਰਨੀ ਪੈਂਦੀ ਹੈ।"

ਗੌਤਮ ਨੇ ਉੱਤਰ ਦਿਤਾ "ਨਹੀਂ, ਇਹ ਗਲ ਗਲਤ ਹੈ" ।86।

ਆਨੰਦ ਨੇ ਕਿਹਾ "ਜੇ ਜਨ ਧਰਮ ਦੇ ਉਪਦੇਸ਼ ਵਿਚ ਸਚੀ ਗਲ ਆਖਣ ਦੀ ਆਲੋਚਨਾ ਨਹੀਂ ਕਰਨੀ ਪੇਂਦੀ ਅਤੇ ਨਾ ਹੀ ਤਪਸਿਆ ਕਰਨੀ ਪੈਂਦੀ ਹੈ ਤਾਂ ਹੇ ਭਗਵਾਨ ਆਪ ਗਲਤ ਗੱਲ ਆਖਣ ਦੀ ਆਲੋਚਨਾ ਕਰੋ ਅਤੇ ਪ੍ਰਾਸ਼ਚਿਤ ਵਜੋਂ ਤਪਸਿਆ ਕਰੋ" ।87।

ਇਸ ਤੋਂ ਬਾਅਦ ਭਗਵਾਨ ਗੌਤਮ ਆਨੰਦ ਸ਼੍ਰਮਣਾਂ ਦੇ ਉਪਾਸਕ ਦੇ ਇਸ ਪ੍ਰਕਾਰ ਆਖਣ ਤੇ ਮਨ ਵਿਚ ਸ਼ੰਕਾ, ਕਾਕਸ਼ਾਂ ਅਤੇ ਵੀਚਕਿਤਸਾ ਲੈਕੇ ਆਨੰਦ ਕੋਲੋਂ ਵਾਪਿਸ ਦੁਤੀਪਲਾਸ ਚੇਤਯ ਵਿਚ ਭਗਵਾਨ ਮਹਾਵੀਰ ਕੋਲ ਪਹੁੰਚੇ। ਉਥੇ ਭਗਵਾਨ ਕੋਲ ਟਾਹ ਵਿਚ ਲਗੇ ਦੋਸ਼ਾਂ ਦਾ ਪ੍ਰਤਿਕ੍ਰਮਣ ਕੀਤਾ। ਏਸ਼ਨੀਆ ਅਤੇ ਅਨਵੇਸ਼ਨੀਆਂ ਵਸਤਾਂ ਦੀ ਆਲੋਚਨਾ ਕੀਤੀ। ਭਗਵਾਨ ਨੂੰ ਮੰਗ ਕੇ ਲਿਆਂਦਾ ਭੋਜਨ ਪਾਣੀ ਵਿਖਾਇਆ, ਬੰਦਨਾ ਨਮਸਕਾਰ ਕੀਤਾ ਅਤੇ ਕਿਹਾ "ਹੇ ਭਗਵਾਨ ! ਮੈਂ ਆਪ ਦੀ ਇਜਾਜਤ ਨਾਲ ਭੋਜ਼ਨ ਲਈ ਗਿਆ।" ਉਪਰੋਕਤ ਕਥਨ ਆਖਣ ਤੋਂ ਬਾਅਦ ਗੌਤਮ ਨੇ ਆਪਣੇ ਨਾਲ ਬੀਤੀ ਸਾਰੀ ਘਟਨਾ ਸੁਣਾਈ ਅਤੇ ਫਿਰ ਪੁਛਿਆ "ਮੈਂ ਸ਼ਕ ਦੀ ਹਾਲਤ ਵਿਚ ਆਪਦੀ ਸੇਵਾ ਵਿਚ ਹਾਜ਼ਰ ਹੋਇਆ ਹਾਂ। ਭਗਵਾਨ ਉਸ ਪਾਪਯੋਗ ਗਲ ਦਾ ਮੈਨੂੰ ਪ੍ਰਾਸ਼ਚਿਤ ਕਰਨਾ ਚਾਹੀਦਾ ਹੈ, ਜਾਂ ਆਨੰਦ ਸ਼੍ਰਮਣਾਂ ਦੇ ਉਪਾਸਕ ਨੂੰ।" "ਗੌਤਮ" ਇਸ ਪ੍ਰਕਾਰ ਸੰਬੋਧਨ ਕਰਕੇ,

ਭਗਵਾਨ ਮਹਾਂਵੀਰ ਨੇ ਇਸ ਪ੍ਰਕਾਰ ਫਰਮਾਇਆ। "ਹੇ ਗੌਤਮ, ਤੂੰ ਉਸ ਝੂਠੀ ਗੱਲ ਕਾਰਣ ਆਲੋਚਨਾ ਕਰ ਅਤੇ ਪ੍ਰਾਸਚਿਤ ਰੂਪ ਵਿਚ ਤਪਸਿਆ ਕਰ ਅਤੇ ਇਸ ਕਸੂਰ ਲਈ ਆਨੰਦ ਸ੍ਰਮਣਾਂ ਦੇ ਉਪਾਸਕ ਪਾਸੋਂ ਖਿਮਾ ਮੰਗ ?"

ਇਸਤੋਂ ਬਾਅਦ ਭਗਵਾਨ ਗੌਤਮ, ਭਗਵਾਨ ਮਹਾਵੀਰ ਦੇ ਉਪਰੋਕਤ ਹੁਕਮ ਨੂੰ ਬਿਨੈ ਨਾਲ ਸਵੀਕਾਰ ਕੀਤਾ। ਉਸ ਝੂਠ ਗੱਲ ਆਖਣ ਦੀ ਆਲੋਚਨਾ ਕੀਤੀ ਅਤੇ ਪ੍ਰਾਸਚਿਤ ਦੇ ਰੂਪ ਵਿਚ ਆਨੰਦ ਤੋਂ ਖਿਮਾ ਮੰਗੀ।88।

ਇਸ ਤੋਂ ਬਾਅਦ ਭਗਵਾਨ ਮਹਾਵੀਰ ਦੂਸਰੇ ਦੇਸ਼ਾਂ ਵਿਚ ਧਰਮ ਪਰਚਾਰ ਕਰਦੇ ਹੋਏ ਘੁੰਮਣ ਲਗੇ।89।

ਇਸ ਤੋਂ ਬਾਅਦ ਆਨੰਦ ਸ੍ਰਮਣਾਂ ਦਾ ਉਪਾਸ਼ਕ ਬਹੁਤ ਸਾਰੇ ਸੀਲਵਰਤਾਂ ਰਾਹੀਂ ਆਪਣੀ ਆਤਮਾ ਨੂੰ ਪਵਿੱਤਰ ਕਰਦਾ ਰਿਹਾ। ਉਸ ਸ਼੍ਰਾਵਕ ਦੇ ਵਰਤਾਂ ਦਾ ਪਾਲਨ ਕੀਤਾ। ਸ਼੍ਰਾਵਕ ਦੀਆਂ ਪ੍ਰਤਿਮਾਵਾਂ ਸਵੀਕਾਰ ਕੀਤੀਆਂ। ਅੰਤ ਸਮੇਂ ਇਕ ਮਹੀਨੇ ਦੇ ਸੰਲੇਖਨਾ ਕੀਤੀ। 30 ਦਿਨ ਵਰਤ ਅਤੇ 30 ਦਿਨ ਭੋਜਨ ਕੀਤਾ। ਆਖਰੀ ਦਿਨ ਸਮਾਧੀ ਮਰਨ ਪ੍ਰਾਪਤ ਕੀਤਾ। ਮਰ ਕੇ ਉਹ ਸੌਧਰਮ ਦੇਵ ਲੋਕ ਵਿਚ, ਸੌਧਰਮਾਂਵੱਤਸਕ ਮਹਾਂਵਿਮਾਨ ਦੇ ਈਸਾਨ ਕੋਨ ਵਿਚ ਸਥਿਤ ਅਰੁਨਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਇਥੇ ਆਨੰਦ ਦੀ ਉਮਰ 4 ਪਲੋਯਪਮ ਹੈ।90।

(ਗੌਤਮ ਸਵਾਮੀ ਨੇ ਭਗਵਾਨ ਮਹਾਂਵੀਰ ਨੂੰ ਪ੍ਰਸ਼ਨ ਕੀਤਾ "ਹੇ ਭਗਵਾਨ ! ਆਨੰਦ ਦੇਵਤੇ ਦੀ ਉਮਰ ਜੂਨ ਅਤੇ ਸਥਿਤਿ ਖਤਮ ਹੋਣ ਤੇ, ਦੇਵਤੇ ਦਾ ਸਰੀਰ ਛਡ ਕੇ ਕਿਥੇ ਜਾਵੇਗਾ, (ਕਿਥੇ ਪੈਦਾ ਹੋਵੇਗਾ ?)

ਭਗਵਾਨ ਨੇ ਉੱਤਰ ਦਿਤਾ "ਹੇ ਗੌਤਮ, ਆਨੰਦ ਮਰ ਕੇ ਮਹਾਂਵਿਦੇਹ ਖੇਤਰ ਵਿਚ ਪੈਦਾ ਹੋਵੇਗਾ। ਉਥੇ ਚਲ ਕੇ ਉਹ ਸਿਧ ਗਤੀ ਪ੍ਰਾਪਤ ਕਰੇਗਾ।

ਨਿਕਸ਼ੇਪ (ਸੁਧਰਮਾਂ ਸਵਾਮੀ ਨੇ ਜੰਬੂ ਸਵਾਮੀ ਨੂੰ ਆਖਿਆ, "ਹੇ ਜੰਬੂ ! ਸ੍ਰਮਣ ਭਗਵਾਨ ਮਹਾਂਵੀਰ ਨੇ ਸ੍ਰੀ ਉਪਾਸਕ ਦਸ਼ਾਂਗ ਸੂਤਰ ਦੇ ਪਹਿਲੇ ਅਧਿਐਨ ਦਾ ਜੋ ਭਾਵ ਦਸਿਆ ਹੈ, ਉਸੇ ਪ੍ਰਕਾਰ ਮੈਂ ਆਖਦਾ ਹਾਂ" ।91।

---

1. ਉਪਰੋਕਤ ਕਥਨ ਕਾਫੀ ਮਹੱਤਵਪੂਰਨ ਹੈ। ਭਗਵਾਨ ਗੌਤਮ ਭਗਵਾਨ ਮਹਾਂਵੀਰ ਦੇ 14000 ਸ਼ਾਧੂਆਂ ਦੇ ਪ੍ਰਮੁਖ ਸਨ, ਪਰ ਜੈਨ ਧਰਮ ਵਿਚ ਸਾਧੂ ਦਾ ਸਥਾਨ ਗ੍ਰਹਿਸਥ ਨਾਲੋਂ ਕੋਈ ਨਹੀਂ 14 ਪੂਰਵਾਂ ਦੇ ਗਿਆਨ ਦੇ ਧਾਰਕ ਇਸ ਵਿਚ ਤਿੰਨ ਗਿਆਨ ਦੇ ਧਾਰਕ

ਸਾਰੀਆਂ ਰਿਧਿਆਂ ਸਿਧਿਆਂ ਦੇ ਮਾਲਕ ਇਕ ਸਧਾਰਣ ਗ੍ਰਹਿਸਥ ਤੋਂ ਖਿਮਾਂ ਮੰਗਣ ਲਈ ਜਾਂਦੇ ਹਨ । ਇਹ ਭਗਵਾਨ ਗੌਤਮ ਦੀ ਮਹਾਨਤਾ ਨਿਰਪੱਖਤਾ ਦਾ ਪ੍ਰਤੀਕ ਹੈ ਗੁਨਾਹ ਕੋਈ ਵੀ ਕਰੇ, ਸਜ਼ਾ ਸ਼ਭ ਨੂੰ ਬਰਾਬਰ ਹੈ ।

ਪਾਠ ਨੰ: 91 ਦੀ ਟਿੱਪਣੀ

2. ਮਹਾਂਵਿਦੇਹ ਉਹ ਖੇਤਰ ਨੂੰ ਆਖਦੇ ਹਨ ਜਿਥੇ ਚੋਥਾ ਸੁਖ ਭਰਪੂਰ ਸਮਾਂ ਬਣਿਆ ਰਹਿੰਦਾ ਹੈ ਉਥੇ 20 ਵਿਹਰਮਾਨ ਤੀਰਥੰਕਰ ਹਮੇਸ਼ਾ ਧਰਮ ਪ੍ਰਚਾਰ ਕਰਦੇ ਹਨ । ਜਦੋਂ ਕਿ ਸਾਡੇ ਇਸ ਵਰਤ ਖੇਤਰ ਵਿਚ ਉਤਸਰਪਨੀ ਤੇ ਅਵਸਪਰਨੀ ਦੇ ਰੂਪ ਵਿਚ 6 ਆਰੇ ਹੁੰਦੇ ਹਨ ਇਨਾਂ ਵਿਚ ਦੁਖ ਸੁਖ ਚਲਦਾ ਰਹਿੰਦਾ ਹੈ । ਵਿਨਾਸ਼ ਤੇ ਵਿਕਾਸ ਹੁੰਦਾ ਰਹਿੰਦਾ ਹੈ । ਪਰ ਮਹਾਂਵਿਦੇਹ ਖੇਤਰ ਵਿਚ ਅਜਿਹਾ ਨਹੀਂ । ਅੱਜ ਦਸਵੇ ਭਰਤ ਖੇਤਰ 'ਵਿਚ ਕੋਈ ਆਤਮਾ ਮੁਕਤੀ ਨਹੀਂ ਪ੍ਰਾਪਤ ਕਰ ਸਕਦੀ, ਪਰ ਮਹਾਂਵਿਦੇਹ ਵਿਚ ਅਜਿਹੀ ਰੁਕਾਵਟ ਨਹੀਂ ।



## ● ੨ ●

ਇਸ ਅਧਿਐਨ ਵਿਚ ਚੰਪਾ ਨਗਰੀ ਦੇ ਸ਼੍ਰਾਵਕ ਦਾ ਚਾਰਿਤਰ ਵਰਨਣ ਹੈ। ਕਾਮਦੇਵ ਨੇ ਭਗਵਾਨ ਮਹਾਵੀਰ ਦੇ 20ਵੇਂ ਚੌਮਾਸੇ ਵਿਚ 12 ਵਰਤ ਗ੍ਰਹਿਣ ਕੀਤੇ। ਇਨ੍ਹਾਂ ਦਾ ਵਰਨਣ ਆਨੰਦ ਉਪਾਸਕ ਦੀ ਤਰ੍ਹਾਂ ਹੀ ਹੈ। ਜਿਤਸ਼ਤਰੂ ਨਾਂ ਦਾ ਰਾਜਾ ਚੰਪਾ ਨਗਰੀ ਵਿਚ ਰਾਜ ਕਰਦਾ ਸੀ। ਇਸ ਉਪਾਸਕ ਨੇ ਵੀ ਆਨੰਦ ਉਪਾਸਕ ਦੀ ਤਰ੍ਹਾਂ 12 ਵਰਤਾਂ ਦਾ ਪਾਲਨ ਕਰਨ ਲਗੇ। ਕਾਮਦੇਵ ਉਪਾਸਕ ਨੂੰ ਇਕ ਦੇਵਤੇ ਨੇ ਮਾਰਨ ਦੀ ਧਮਕੀ ਦਿਤੀ, ਭਿੰਨ-2 ਢੰਗਾਂ ਨਾਲ ਭੇਸ ਬਣਾ ਕੇ ਡਰਾਇਆ, ਕਦੇ ਹਾਥੀ, ਕਦੇ ਸੱਪ ਦਾ ਰੂਪ ਧਾਰਨ ਕਰਕੇ ਤੰਗ ਕੀਤਾ ਪਰ ਕਾਮਦੇਵ ਅਡੋਲ ਰਿਹਾ। ਕਾਮਦੇਵ ਦੀ ਇਸ ਬਹਾਦਰੀ ਅਤੇ ਦਰਿੜ੍ਹਤਾ ਦੀ ਸ਼੍ਰਮਣ ਭਗਵਾਨ ਮਹਾਵੀਰ ਨੇ ਆਪ ਆਪਣੇ ਸਾਧੂ, ਸਾਧਵੀਆਂ ਅਗੇ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਨੂੰ ਤੱਪ ਸੰਜਮ ਮਾਰਗ ਵਿਚ ਅਜੇਹੀ ਦਰਿੜ੍ਹਤਾ ਤੇ ਚਲਣ ਦੀ ਪ੍ਰੇਰਣਾ ਦਿਤੀ। ਕਾਮਦੇਵ ਆਨੰਦ ਸ਼੍ਰਾਵਕ ਦੀ ਤਰ੍ਹਾਂ ਪ੍ਰਤਿਮਾਵਾਂ ਗ੍ਰਹਿਣ ਕੀਤੀਆਂ। ਅੰਤਿਮ ਸਮੇਂ ਸੌਧਰਮ ਕਲਪ ਦੇ ਸੌਧਰਮਵੰਸਕ ਮਹਾਵਿਮਾਨ ਦੇ ਉਤਰ ਪੂਰਵ ਵਿਚ ਅਰੁਣਾਭ ਨਾਂ ਦੇ ਵਿਮਾਨ ਵਿਚ 4 ਪਲਯੋਪਮ ਦੀ ਉਮਰ ਵਾਲਾ ਦੇਵਤਾ ਬਣਿਆ (ਅੰਤ ਵਿਚ ਇਹ ਸਿੱਧ ਬਣੇਗਾ।

ਇਸ ਅਧਿਐਨ ਵਿਚ 4 ਮਹੱਤਵ ਪੂਰਨ ਸ਼ਬਦ ਬਣ ਹਨ
1. ਸ਼ੀਲ—ਪੰਜ ਅਣੂਵਰਤ 2. ਵਿਰਮਣ—ਦਿਸ਼ਾਵਰਤ ਆਦਿ ਤਿੰਨ ਗੁਣ ਵਰਤ 3. ਪ੍ਰਤਿਖਿਆਨ—ਨਵਕਾਰਸੀ, ਪੋਰਸੀ ਆਦਿ 4. ਪੌਸ਼ਧ—11ਵਾਂ ਸ਼੍ਰਾਵਕ ਵਰਤ ●

# ਦੂਜਾ ਅਧਿਐਨ

(ਆਰੀਆ ਜੰਬੂ ਸਵਾਮੀ ਆਪਣੇ ਗੁਰੂ ਸ਼੍ਰੀ ਸੁਧੱਰਮਾਂ ਸਵਾਮੀ ਤੋਂ ਪੁਛਦੇ ਹਨ)

"ਜੋ ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਮਹਾਂਵੀਰ ਨੇ ਸਤਵੇਂ ਸ਼੍ਰੀ ਉਪਾਸਕ ਦਸਾਂਗ ਸੂਤਰ ਦੇ ਪਹਿਲੇ ਅਧਿਆਨ ਦਾ ਇਹ ਅਰਥ ਦਸਿਆ ਹੈ। ਤਾਂ ਹੇ ਭਗਵਾਨ ! ਦੂਸਰੇ ਅਧਿਐਨ ਦਾ ਕੀ ਅਰਥ ਫਰਮਾਇਆ ਹੈ" ?92।

(ਸੁਧਰਮਾਂ ਸਵਾਮੀ ਨੇ ਇਸ ਪ੍ਰਸ਼ਨ ਦਾ ਉੱਤਰ ਇਸ ਪ੍ਰਕਾਰ ਦਿਤਾ) ਹੇ ਜੰਬੂ ! ਉਸ ਕਾਲ ਉਸ ਸਮੇਂ ਚੰਪਾ ਨਾਂ ਦੀ ਨਗਰੀ ਸੀ ਉਥੇ ਪੂਰਨ ਭਦਰ ਨਾਂ ਦਾ ਚੇਤਯ ਸੀ ਜਿਤ ਸ਼ਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਥੇ ਕਾਮਦੇਵ ਨਾਂ ਦਾ ਗਾਥਾਪਤੀ ਰਹਿੰਦਾ ਉਸਦੇ ਖਜਾਨੇ ਵਿਚ ਸਨ, ਛੇ ਕਰੋੜ ਘਰ ਦੇ ਸਮਾਨ ਹੂਪ ਲਗਿਆ ਹੋਇਆ ਸੀ, ਉਸ ਦੀ ਭਕਰਾ ਨਾਂ ਦੀ ਇਜਤਰੀ ਸੀ । ਛੇ ਕਰੋੜ ਸੋਨੇ ਦੀਆਂ ਮੋਹਰਾ 6 ਗਊਆਂ ਦੇ ਬ੍ਰਿਜ ਸਨ ਹਰ ਬਿਰਜ ਵਿਚ 10000 ਗਾਂ ਸੀ। ਭਗਵਾਨ ਮਹਾਵੀਰ ਉਸਦੀ ਨਗਰੀ ਵਿਚ ਪਧਾਰੇ, ਧਰਮ ਉਪਦੇਸ ਦਿੱਤਾ ਜਿਵੇਂ ਆਨੰਦ ਨੇ 12 ਵਰਤ ਸਵੀਕਾਰ ਕੀਤੇ ਸਨ । ਉਸ ਪ੍ਰਕਾਰ ਕਾਮਦੇਵ ਵੀ ਸ਼੍ਰਮਣ ਭਗਵਾਨ ਮਹਾਵੀਰ ਦੇ 12 ਵਰਤ ਰੂਪੀ ਸ਼੍ਰਾਵਕ ਧਰਮ ਦਾ ਪਾਲਨ ਕਰਨ ਲਗਾ ।93।

ਇਸਤੋਂ ਬਾਅਦ ਇਕ ਰਾਤ ਅੱਧੀ ਰਾਤ ਵੇਲੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਕੋਲ ਇਕ ਧੋਖੇਵਾਜ ਅਤੇ ਮਿਥਿਆਤਵੀ (ਸੱਚੇ ਤੋਂ ਧਰਮ ਤੋਂ ਰਹਿਤ) ਦੇਵਤਾ ਪ੍ਰਗਟ ਹੋਇਆ ।94।

ਉਸ ਧੋਖੇਵਾਜ, ਤੇ ਝੂਠੇ ਦੇਵਤੇ ਨੇ ਡਰਾਉਣੇ ਪਿਸ਼ਾਚ ਦਾ ਰੂਪ ਧਾਰਣ ਕੀਤਾ ਉਸ ਦਾ ਸਿਰ ਗਊ ਨੂੰ ਚਾਰਾ ਪਾਉਣ ਵਾਲੀ ਟੋਕਰੀ ਵਰਗਾ ਸੀ, ਜੋਰੀ ਦੇ ਪਤਿਆਂ ਦੀਆਂ ਭੂਰੀਆਂ ਧਾਰੀਆਂ ਸਮਾਨ ਉਸਦੇ ਬਾਲ ਰੂਖੇ ਤੇ ਭੂਰੇ ਸਨ, ਮੱਥਾ ਮਟ ਦੀ ਤਰਾਂ ਲੰਬਾ ਚੌੜਾ ਸੀ ਅੱਖਾਂ ਦੀਆਂ ਭੋਆਂ ਗੁਲਹੈਰੀ ਦੀ ਪੂੰਛ ਦੀ ਤਰਾਂ ਵਿਖਰੀਆਂ ਹੋਈਆਂ ਤੇ ਡਰਾਉਣੀਆਂ ਸਨ । ਅੱਖਾਂ ਟਡੀਆਂ ਸਨ ਇੰਜ ਲਗਦੀਆਂ ਸਨ ਜਿਵੇਂ ਕਿਸੇ ਨੇ ਘੜੇ ਵਿਚ ਦੋ ਛੇਦ ਕਰ ਦਿਤੇ ਹੋਣ, ਨੱਕ ਮੇਡਾਂਕ ਵਰਗੀ ਸੀ ਉਸ ਵਿਚ ਟੋਏ ਵਰਗੇ ਛੇਦ ਸਨ । ਨੱਕ ਦੇ ਛੇਦ

ਜੁੜੇ ਹੋਏ ਦੋ ਚੁਲਿਆਂ ਦੀ ਤਰਾਂ ਸਨ। ਮੁਛਾਂ ਘੋੜੇ ਦੀ ਪੂੰਛ ਦੀ ਤਰਾਂ ਰੁਖੀਆਂ, ਭੂਰੀਆਂ ਤੇ ਭੇੜੀਆਂ ਸਨ ਬੁੱਲ ਉੱਠ ਦੀ ਗਲ੍ਹਾਂ ਦੀ ਤਰਾਂ ਲੰਬੇ ਸਨ।

ਦੰਦ ਹੱਲ ਦੇ ਫਾਲੇ ਦੀ ਤਰਾਂ ਤੀਖੇ ਸਨ, ਜੀਭ ਛੱਜ ਦੇ ਟੁਕੜਿਆਂ ਦੀ ਤਰਾਂ ਖਰਾਬ ਤੇ ਡਰਾਉਣੀ ਸੀ, ਉਸਦੀ ਠੋਡੀ ਹੱਲ ਦਾ ਫਾਲੇ ਦੀ ਤਰਾਂ ਉਭਰੀ ਹੋਈ ਸੀ, ਗੱਲਾਂ ਕੜਾਹੀ ਦੀ ਤਰਾਂ ਅੰਦਰ ਨੂੰ ਧਸੀਆਂ ਹੋਈਆਂ ਸਨ, ਗਲਾਂ ਫਟੀਆਂ ਹੋਈਆਂ, ਭੂਰੀਆਂ ਤੇ ਡਰਾਉਣੀਆਂ ਸਨ, ਕੰਧੇ ਢੋਲ ਦੀ ਤਰਾਂ ਸਨ, ਛਾਤੀ ਸ਼ਹਿਰ ਦੇ ਦਰਵਾਜ਼ੇ ਦੀ ਤਰਾਂ ਚੌੜੀ ਸੀ। ਬਾਹਾਂ ਅੱਗ ਜਲਾਉਣ ਵਾਲੀ ਭੂਕਨੀ (ਧੂੰਕਨੀ) ਦੀ ਤਰਾਂ ਸਨ, ਹਥੇਲੀਆਂ ਚੱਕੀ ਦੇ ਪੁੜਾਂ ਦੀ ਤਰਾਂ ਮੋਟੀਆਂ ਸਨ। ਹੱਥ ਦੀਆਂ ਉਂਗਲਾਂ ਸਿੱਲ ਬੱਟੇ ਦੀ ਤਰਾਂ ਸਨ, ਥਣ ਛਾਤੀ ਤੇ ਲਟਕ ਰਹੇ ਸਨ ਇਹ (ਥਣ) ਇਸ ਪ੍ਰਕਾਰ ਲਗ ਰਹੇ ਸਨ ਜਿਵੇਂ ਨਾਈਆਂ ਦੇ ਔਜਾਰ ਰਖਣ ਦੀਆਂ ਥੈਲੀਆਂ ਹੋਣ, ਪੇਟ ਲੋਹੇ ਦੇ ਕੋਠੇ ਦੀ ਤਰਾਂ ਗੋਲ ਸੀ। ਧੁੰਨੀ ਇੰਨੀ ਡੂੰਘੀ ਸੀ ਜਿਵੇਂ ਜੁਲਾਹੇ ਦਾ ਆਟਾ ਘੋਲਣ ਦੀ ਕੁੰਡੀ ਹੋਵੇ। ਅੱਖਾਂ ਛਿਕੇ ਦੀ ਤਰਾਂ ਸਨ, ਅੰਡ ਕੋਸ਼ ਦੋ ਭਰੀਆਂ ਹੋਈਆਂ ਬੋਰੀਆਂ ਦੀ ਤਰਾਂ ਸਨ ਪਟ ਦੋ ਬਰਾਬਰ ਦੀਆਂ ਕੋਠੀਆਂ ਦੀ ਤਰਾਂ ਸਨ, ਘੁਟਨੇ ਅਰਜੱਨ ਦਰਖਤ ਦੇ ਗੁਛੇ ਦੀ ਤਰਾਂ ਟੇਢੇ, ਵਿਗੜੇ ਹੋਏ ਅਤੇ ਡਰਾਉਣੇ ਸਨ, ਪਿੰਜਨੀਆਂ ਕਠੋਰ ਅਤੇ ਬਾਲਾਂ ਨਾਲ ਭਰੀਆਂ ਹੋਈਆਂ ਸਨ, ਪੈਰ ਦਾਲ ਪੀਸਣ ਵਾਲੀ ਸ਼ਿਲ ਦੀ ਤਰਾਂ ਸਨ, ਪੈਰਾਂ ਦੀਆਂ ਉਂਗਲਾਂ ਟੇਢੀ ਜਿਹੀ ਸ਼ਕਲ ਦੀ ਤਰਾਂ ਸਨ ਪੈਰਾਂ ਦੇ ਨੌਂਹ ਸੀਪ ਦੀ ਤਰਾਂ ਸਨ।95।

ਗੋਡੇ ਲੰਬੇ ਤੇ ਲੜਖੜਾ ਰਹੇ ਸਨ, ਭੌਆਂ ਵਿਗੜੀਆਂ ਹੋਈਆਂ, ਅਸਤ ਵਿਅਸਤ ਤੇ ਧੋਖੇਵਾਜ ਲਗਦੀਆਂ ਸਨ, ਉਸ ਨੇ ਮੂੰਹ ਫਾੜ ਰਖਿਆ ਸੀ, ਜੀਭ ਬਾਹਰ ਕਢ ਰਖੀ ਸੀ, ਗਿਰਗਿਟਾਂ ਅਤੇ ਚੂਹਿਆਂ ਦੀ ਮਾਲਾ ਉਸਨੇ ਗਲ ਵਿਚ ਪਾ ਰਖੀ ਸੀ, ਇਹ ਹੀ ਉਸਦੇ ਮੁੱਖ ਚਿੰਨ ਸਨ ਕੰਨਾਂ ਵਿਚ ਨੇਵਲੇ ਦਾ ਗਹਿਨਾ ਬਣਾਕੇ ਪਾਇਆ ਹੋਇਆ ਸੀ, ਸੱਪ ਦੁਪਟੇ ਦੀ ਤਰਾਂ ਗਲੇ ਵਿਚ ਪਾਏ ਹੋਏ ਸਨ, ਹਥ ਪੈਰ ਘੁਮਾਕੇ ਉਸ ਨੇ ਭਿਅੰਕਰ ਗਰਜ ਨਾਲ ਸ਼ੋਰ ਕੀਤਾ ਅਤੇ ਉਹ ਖਤਰਨਾਕ ਢੰਗ ਨਾਲ ਹਸਿਆ।

---

ਪਾਠ ਨੰ: 95 ਦੀ ਟਿਪਣੀ

(लडहमडहजाणुए, ਲੜਹਮਜਾਣੂਏ)
ਵਾਰੇ ਵਿਰਤੀਕਾਰ ਨੇ ਇਸ ਪ੍ਰਕਾਰ ਕਿਹਾ ਹੈ

लडहमहडजाणुए त्ति इह प्रस्तावे लड़हशब्देन गन्त्रयाः पश्चाद्भागवर्ति तदुत्तराङ्गरक्षणार्थं यत्काष्ट तदुच्यते तच्चगन्त्र्यां श्लथबन्धनं भवति एवं च श्लथ-

ਉਸਦਾ ਸ਼ਰੀਰ ਪੰਜ ਰੰਗਾਂ ਦੇ ਵਾਲਾਂ ਨਾਲ ਭਰਪੂਰ ਸੀ। ਨੀਲ ਕਮਲ ਦੀ ਤਰਾਂ ਨੀਲੀ, ਮੈਸ ਦੇ ਸਿਰਾਂ ਦੀ ਤਰਾਂ ਟੇਢੀ, ਅਲੱਸੀ ਦੇ ਫੁੱਲ ਦੀ ਤਰਾਂ ਚਮਕੱਦੀ, ਤੀਖੀ ਧਾਰ ਵਾਲੀ ਤਲਵਾਰ ਨੂੰ ਲੈਕੇ ਪੌਸ਼ਧਸ਼ਾਲਾ ਵਿਚ ਕਾਮਦੇਵ ਕੋਲ ਪਹੁੰਚਿਆ। ਉਹ ਬੇਰਹਿਮੀ ਨਾਲ, ਗੁਸੇ, ਨਰਾਜ਼ ਹੋਇਆ ਅਤੇ ਖਤਰਨਾਕ ਢੰਗ ਨਾਲ ਹੱਸਦਾ ਹੋਇਆ ਬੋਲਿਆ "ਉਏ ਕਾਮਦੇਵ ! ਤੂੰ ਮਰਨ ਦੀ ਇਛਾ ਕਰ ਰਿਹਾ ਹੈਂ। ਤੂੰ ਦੁਖਾਂ ਦਾ ਕਾਰਨ ਤੇ ਭੈੜੇ ਲਛਣਾਂ ਨਾਲ ਭਰਪੂਰ ਹੈ ? ਤੂੰ ਭੈੜੀ 14ਵੀਂ ਨੂੰ ਪੈਦਾ ਹੋਇਆ ਹੈ ਸ਼ਰਮ, ਧਨ, ਧੀਰਜ ਤੇ ਯਮ ਤੋਂ ਰਹਿਤ ਹੈ ਧਰਮ ਸਵਰਗ ਅਤੇ ਮੁਕਤੀ ਦੀ ਇੱਛਾ ਕਰਦਾ ਹੈ। ਧਰਮ ਤੇ ਸਵਰਗ ਦੀ ਇਛਾ ਕਰਦਾ ਹੈ ਧਰਮ ਜਾਨਣ ਦਾ ਇਛੁਕ ਹੈ। ਹੇ ਦੇਵਾਨੂਪ੍ਰਿਯ! ਤੈਨੂੰ ਆਪਣਾ ਸ਼ੀਲ ਵਰਤ, ਵਿਰਮਨ ਪਛਖਾਨ ਅਤੇ ਪੌਸ਼ਧ ਉਪਵਾਸ ਤੋਂ ਡੋਲਨਾ, ਘਬਰਾਉਣਾ, ਖੰਡਤ ਕਰਨਾ ਭੰਗ ਕਰਨਾ, ਤਿਆਗਨਾ ਅਤੇ ਛਡਨਾ ਯੋਗ ਨਹੀਂ ਪਰ ਜੇ ਤੂੰ ਅਜ ਸ਼ੀਲ ਆਦਿ ਵਰਤ ਨਹੀਂ ਛਡੇਗਾ, ਭੰਗ ਨਹੀਂ ਕਰੇਗਾ ਤਾਂ ਇਸ ਕਮਲ ਆਦਿ ਦੀ ਤਰਾਂ ਕਾਲੇ ਰੰਗ ਦੀ ਤਿਖੀ ਤਲਵਾਰ ਨਾਲ ਤੇਰੇ ਟੁਕੜੇ ਟੁਕੜੇ ਕਰ ਦੇਵਾਂਗਾ ਜਿਸ ਕਾਰਨ ਤੂੰ ਦੁਖ ਭੋਗ ਦਾ, ਮੌਤ ਤੋਂ ਪਹਿਲਾਂ ਹੀ ਮਰ ਜਾਵੇਗਾ।96।

ਪਿਸਾਚਧਾਰੀ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਵੀ ਕਾਮਦੇਵ ਸ੍ਰਮਣਾਂ ਦਾ ਉਪਾਸਕ ਨਾ ਡਰਿਆ, ਨਾ ਤਕਲੀਫ ਮੰਨੀ, ਨਾ ਘਬਰਾਇਆ, ਨਾ ਦੁਖੀ ਹੋਇਆ, ਨਾ ਚਲਾਕੀ ਕੀਤੀ, ਅਤੇ ਨਾ ਭੱਰਮ ਵਿਚ ਡੁਬਿਆ, ਸਗੋਂ ਚੁਪਚਾਪ ਧਰਮ ਵਿਚ ਸਥਿਰ (ਪੱਕਾ) ਰਿਹਾ।97।

---

सन्धिबन्धनत्वाल्डह्र इव लडहे, मडहे च स्थुलत्वालपदीर्घत्वाम्यां जानुनी यस्य तजथा विकृते-विकारवत्यो भग्ने-विसंस्थुलतया भुग्ने-वक्रे भुवै यस्य पिशाचरूपस्य इह्राध्यदपि विशेषणनतुष्टयं वाचानान्तरेऽधीयते ।

ਭਾਵ ਲਕੜ ਦਾ ਅਰਥ ਹੈ ਲਕੜੀ ਦਾ ਤੂੰਹ ਲਠ ਹੈ ਜੋ ਬੈਲ ਗੱਡੀ ਨੂੰ ਸੰਤੁਲਨ ਵਿਚ ਰਖਣ ਲਈ ਉਸ ਦੇ ਪਿਛੇ ਲਟਕਦੀ ਹੈ ਇਹ ਮੋਟੀ ਤੇ ਢੀਲੀ ਹੁੰਦੀ ਹੈ ਪਿਸ਼ਾਚ ਦੀਆਂ ਟੰਗਾਂ ਉਸੇ ਪ੍ਰਕਾਰ ਮੋਟੀਆਂ ਢਿਲੀਆਂ ਅਤੇ ਲੜਖੜਾ ਰਹੀਆਂ ਸਨ।

ਉਹ ਦੁਪਟਾ ਜੋ ਬਗਲ ਤੋਂ ਹੇਠਾਂ ਲਿਜਾ ਕੇ ਮੋਢੇ ਤੇ ਸੁਟਿਆ ਜਾਂਦਾ ਹੈ ਪਿਸਾਚ ਨੇ ਇਸ ਪ੍ਰਕਾਰ ਗਲ ਵਿਚ ਪਾ ਰਖਿਆ ਸੀ ਇਥੋਂ ਕੁਝ ਪਾਠ ਭੇਦ ਮਿਲਦਾ ਹੈ ਉਸ ਪਾਠ ਅਨੁਸਾਰ ਉਸ਼ ਨੂੰ ਚੂਹਿਆ ਦਾ ਮੁਕਟ, ਵਿਛੂਆਂ ਦਾ ਹਾਰ, ਸੱਪ ਦਾ ਜਨੇਓ ਪਾ ਰਖਿਆ ਸੀ ਚੀਤੇ ਦੀ ਖਲ ਦਾ ਸਿਰਾ ਤੋਂ ਅੱਖ ਮੂੰਹ ਅਲਗ ਨਹੀਂ ਸੀ ਕੀਤਾ ਗਿਆ ਅਜਿਹੇ ਕਪੜੇ ਉਸਨੇ ਪਾ ਰਖੇ ਸਨ। ਸ਼ਰੀਰ ਤੇ ਖੂਨ ਤੇ ਮਾਸ ਲਿੱਪ ਰਖਿਆ ਸੀ।

ਪਿਸ਼ਾਚਧਾਰੀ ਦੇਵ ਨੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਨੂੰ ਧਰਮ ਧਿਆਨ ਵਿਚ ਸਥਿਰ ਤੇ ਮਜ਼ਬੂਤ ਵੇਖ ਕੇ ਲਗਾਤਾਰ ਤਿੰਨ ਵਾਰ ਇਹ ਸ਼ਬਦ ਆਖੇ "ਉਏ ਮੌਤ ਦੀ ਇੱਛਾ ਕਰਨ ਵਾਲੇ ਕਾਮਦੇਵ ਤੂੰ ਸੀਲ ਵਰਤ ਛਡ ਦੇਹ ਨਹੀਂ ਤਾਂ ਤੂੰ ਬਿਨਾ ਮੌਤ ਮਰ ਜਾਵੇਗਾ ।98।

ਦੇਵਤੇ ਦੇ ਦੂਸਰੀ ਤੇ ਤੀਸਰੀ ਵਾਰ ਆਖਣ ਤੇ ਵੀ ਕਾਮਦੇਵ ਭੈ ਰਹਿਤ ਹੋਕੇ ਧਰਮ ਧਿਆਨ ਵਿਚ ਲਗਿਆ ਰਿਹਾ ।99।

ਪਿਸ਼ਾਚਰੂਪੀ ਦੇਵਤੇ ਨੇ ਫਿਰ ਵੀ ਵੇਖਿਆ ਕਿ ਕਾਮਦੇਵ ਸ਼੍ਰਮਣਾਂ ਦਾ ਉਪਾਸਕ ਧਰਮ ਵਿਚ ਦਰਿੜ ਹੈ ਇਹ ਵੇਖ ਕੇ ਉਹ ਬਹੁਤ ਗੁਸੇ ਹੋਇਆ ਉਸਨੇ ਮਥੇ ਤੇ ਤਿੰਨ ਤਿਊੜੀਆਂ ਚਾੜਕੇ ਨੀਲ ਕਮਲ ਦੀ ਤਰਾਂ ਤਿਖੀ ਤਲਵਾਰ ਨਾਲ ਕਾਮਦੇਵ ਸ੍ਰਮਣਾਂ ਦੇ ਉਪਾਸ਼ਕ ਤੇ ਵਾਰ ਕਰਨ ਲਗਾ ।100।

ਕਾਮਦੇਵ ਸ਼੍ਰਮਣਾਂ ਦੇ ਉਪਾਸਕ ਉਸ ਤੇਜ ਤੇ ਅਸਹਿ ਪੀੜਾ ਨੂੰ ਸ਼ਾਂਤ ਚਿਤ ਹੋਕੇ ਸਹਿੰਦਾ ਰਿਹਾ ਅਤੇ ਧਰਮ ਧਿਆਨ ਵਿਚ ਸਥਿਰ ਰਿਹਾ ।101।

ਪਿਸ਼ਾਚਰੂਪੀ ਦੇਵਤੇ ਨੇ ਜਦ ਕਾਮਦੇਵ ਸ੍ਰਮਣ ਦੇ ਉਪਾਸਕ ਨੂੰ ਭੈ ਰਹਿਤ ਅਤੇ ਧਿਆਨ ਵਿਚ ਮਗਨ ਵੇਖਿਆ ਤਾਂ ਉਸਨੂੰ ਨਿਰਗਰੰਥਾਂ ਦੇ ਉਪਦੇਸ਼ ਤੋਂ ਗਿਰਾਉਣ ਲਈ, ਡਰਾਉਣ ਲਈ ਅਤੇ ਮਨ ਦੇ ਵਿਚਾਰ ਬਦਲਨ ਵਿਚ ਅਸਮਰਥ ਹੋਕੇ ਜਦ ਥਕ ਗਿਆ, ਪਰੇਸ਼ਾਨ ਹੋ ਗਿਆ ਅਤੇ ਰੋਗੀ ਦੀ ਤਰਾਂ ਕਮਜ਼ੋਰ ਹੋ ਗਿਆ ਤਾਂ ਉਹ ਹੌਲੀ ਹੌਲੀ ਬਾਹਰ (ਪੋਸ਼ਧਸ਼ਾਲਾ) ਤੋਂ ਨਿਕਲਿਆ। ਉਸਨੇ ਵਿਸ਼ਾਲ ਹਾਥੀ ਦਾ ਰੂਪ ਧਾਰਨ ਕਰ ਲਿਆ, ਉਸਦੇ ਸੱਤ ਅੰਗ ਸਡੋਲ ਸਨ। ਸ਼ਰੀਰ ਦੀ ਰਚਨਾ ਦਰਿੜ ਅਤੇ ਸੁੰਦਰ ਸੀ, ਪਰ ਉਸਦੇ ਸ਼ਰੀਰ ਦਾ ਮੂਹਰਲਾ ਹਿਸਾ ਉਭਰਿਆ ਹੋਇਆ ਤੇ ਪਿਛਲਾ ਹਿਸਾ ਮਗਰਮੱਛ ਦੀ ਤਰਾਂ ਝੁਕਿਆ ਹੋਇਆ ਸੀ, ਕੁੱਖ ਬੱਕਰੀ ਦੀ ਤਰਾਂ ਲੰਬੀ ਅਤੇ ਲਟਕੀ ਹੋਈ ਸ਼ੀ, ਪੇਟ ਗੋਲ ਅਤੇ ਸੁੰਡ ਹੇਠਾਂ ਨੂੰ ਲਟਕ ਰਹੀ ਸੀ, ਦੰਦ ਮੂੰਹ ਤੋਂ ਬਾਹਰ ਨਿਕਲੇ ਹੋਏ, ਮੁਕਾਲਿਤ ਮਾਲਿਕਾ ਫੁੱਲ ਦੀ ਤਰਾਂ ਨਿਰਮਲ ਤੇ ਸਫੇਦ ਸਨ ਉਨ੍ਹਾਂ ਉਪਰ ਸ਼ੋਨੇ ਦਾ ਖੋਲ ਚੜਿਆ ਹੋਇਆ ਸੀ। ਸੁੰਡ ਦਾ ਮੂਹਰਲਾ ਹਿਸਾ ਝੁਕੇ ਹੋਏ, ਧਨੁਸ਼ ਦੀ ਤਰਾਂ ਮੁੜਿਆ ਹੋਇਆ ਸੀ। ਪੈਰ ਕਛੂ ਦੀ ਤਰਾਂ ਸਥੂਲ ਅਤੇ ਚਪਟੇ ਸਨ ਪੂਛ ਉਠੀ ਹੋਈ ਸ਼ੀ ਅਤੇ ਪ੍ਰਮਾਣ ਅਨੁਸਾਰ ਸੀ ।102।

---

ਪਾਠ 102 ਦੀ ਟਿੱਪਣੀ

(1) ਚਾਰ ਪੈਰ (5) ਸੁੰਡ (6) ਲਿੰਗ (7) ਪੂਛ

ਉਹ ਹਾਥੀ ਮਸਤ ਸੀ ਬੱਦਲ ਦੀ ਤਰਾਂ ਗਰਜ ਰਿਹਾ ਸੀ ਉਸ ਦੀ ਰਫਤਾਰ ਮਨ ਤੇ ਹਵਾ ਨਾਲੋਂ ਵੀ ਤੇਜ ਸੀ ਦੇਵਤੇ ਨੇ ਅਜਿਹੇ ਮਨ ਨੂੰ ਮੋਹਨ ਵਾਲੇ ਹਾਥੀ ਦਾ ਰੂਪ ਬਨਾਇਆ। ਉਹ ਪੌਸ਼ਧਸ਼ਾਲਾ ਵਿਚ ਆਕੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਕੋਲ ਆਇਆ; ਅਤੇ ਬੋਲਿਆ "ਉਏ ਕਾਮਦੇਵ ਸ਼੍ਰਮਣਾਂ ਦੇ ਉਪਾਸਕ ! ਜੇ ਤੂੰ ਸੀਲ ਵਰਤ ਆਦਿ ਭੰਗ ਨਹੀਂ ਕਰੇਗਾ, ਤਾਂ ਮੈਂ ਤੈਨੂੰ ਆਪਣੀ ਸੁੰਡ ਤੋਂ ਫੜ ਕੇ ਬਾਹਰ ਲੈ ਜਾਵਾਂਗਾ। ਅਕਾਸ਼ ਵਿਚ ਉਛਾਲਾਂਗਾ, ਫਿਰ ਆਪਣੇ ਤਿਖੇ ਮੁਸਲ ਦੀ ਤਰਾਂ ਮਜਬੂਤ ਦੰਦਾਂ ਨਾਲ ਉਠਾਵਾਂਗਾ। ਤਿੰਨ ਵਾਰ ਹੇਠਾਂ ਜਮੀਨ ਤੇ ਸੁਟਕੇ ਪੈਰਾਂ ਨਾਲ ਕੁਚਲ ਦੇਵਾਂਗਾ, ਜਿਸ ਕਾਰਣ ਤੂੰ ਬਹੁਤ ਦੁਖੀ ਹੋਕੇ ਚਿੰਤਾ ਵਿਚ ਪੈਕੇ ਬੇਮੌਕੇ ਮਰ ਜਾਵੇਗਾ" ।103।

ਹਾਥੀ ਰੂਪੀ ਦੇਵਤੇ ਦੇ ਅਜਿਹਾ ਆਖਣ ਤੇ ਵੀ ਕਾਮਦੇਵ ਸ਼੍ਰਮਣਾਂ ਦਾ ਉਪਾਸਕ ਨਿਡਰ ਰਿਹਾ ਅਤੇ ਧਰਮ ਵਿਚ ਸਥਿਰ ਰਿਹਾ ।104।

ਹਾਥੀ ਰੂਪੀ ਦੇਵਤੇ ਨੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਨੂੰ ਨਿੱਡਰ ਅਤੇ ਧਿਆਨ ਵਿਚ ਵੇਖਿਆ, ਉਸ਼ ਨੇ ਕਾਮਦੇਵ ਨੂੰ ਦੂਸਰੀ ਤੇ ਤੀਸਰੀ ਵਾਰ ਇਸੇ ਤਰਾਂ ਕਿਹਾ ਪਰ ਉਹ ਪਹਿਲਾਂ ਦੀ ਤਰਾਂ ਧਰਮ ਵਿਚ ਸਥਿਰ ਰਿਹਾ ।105।

ਫਿਰ ਵੀ ਹਾਥੀ ਰੂਪੀ ਦੇਵਤੇ ਨੇ ਕਾਮਦੇਵ ਸ਼੍ਰਮਣਾਂ ਦੇ ਉਪਾਸਕ ਨੂੰ ਨਿਡਰ ਅਤੇ ਧਿਆਨ ਵਿਚ ਲਗਾ ਵੇਖਿਆ ਤਾਂ ਉਹ ਲਾਲ ਪੀਲਾ ਹੋ ਗਿਆ ਉਸਨੇ ਆਪਣਾ ਸੁੰਡ ਨਾਲ ਕਾਮਦੇਵ ਨੂੰ ਪਕੜ ਕੇ ਅਕਾਸ਼ ਵਿਚ ਉਛਾਲਿਆ, ਤਿਖੇ ਦੰਦਾ ਨਾਲ ਫੜਿਆ। ਫੇਰ ਜ਼ਮੀਨ ਤੇ ਸੁਟਕੇ ਪੈਰ ਹੇਠਾਂ ਕੁਚਲਿਆ ।106।

ਕਾਮਦੇਵ ਸ਼੍ਰਮਣਾਂ ਦੇ ਉਪਾਸਕ ਉਸ ਨਾ ਸਹਿਨ ਯੋਗ ਕਸ਼ਟ ਨੂੰ ਸ਼ਾਂਤੀ ਨਾਲ ਸਹਿਨ ਕਰਦਾ ਰਿਹਾ ।107।

ਉਸ ਹਾਥੀ ਰੂਪੀ ਦੇਵਤੇ ਨੇ ਕਾਮਦੇਵ ਸ਼੍ਰਮਣਾ ਦੇ ਉਪਾਸਕ ਨੂੰ ਧਰਮ ਵਿਚ ਅੱਟਲ ਵੇਖਿਆ ਤਾਂ ਉਹ ਪੌਸ਼ਧਸ਼ਾਲਾ ਤੋਂ ਵਾਪਿਸ ਬਾਹਰ ਆਇਆ। ਹਾਥੀ ਦਾ ਰੂਪ ਛੱਡ ਦਿਤਾ ਉਸਨੇ ਖਤੱਰਨਾਕ ਸੱਪ ਦਾ ਰੂਪ ਗ੍ਰਹਿਣ (ਧਾਰਨ) ਕੀਤਾ, ਜੋ ਉਗੱਰ (ਅਸਹਿ ਕਸਟ ਪੈਦਾ ਕਰਨ ਵਾਲਾ) ਚੰਡ (ਸਾਰੇ ਸ਼ਰੀਰ ਵਿਚ ਛੇਤੀ ਫੈਲਣ ਵਾਲਾ ਜਹਿਰ) ਘੋਰ (ਉਹ ਜਿਸ ਦੇ ਫੈਲਣ ਨਾਲ ਹੀ ਮੌਤ ਹੋ ਜਾਂਦੀ ਹੈ) ਆਦਿ ਜਹਿਰ ਨਾਲ ਭਰਪੂਰ ਅਤੇ ਵਿਸ਼ਾਲ ਸਰੀਰ ਵਾਲਾ ਸੀ। ਉਸਦਾ ਰੰਗ ਸਿਆਹੀ ਅਤੇ ਏਰਨ (ਲੋਹਾ ਤੀਖਾ ਕਰਨ ਵਾਲੀ) ਦੀ ਤਰਾਂ ਕਾਲਾ ਸੀ। ਅੱਖ ਜਹਿਰ ਅਤੇ ਗੁਸੇ ਨਾਲ ਭਰੀ ਹੋਈ ਸੀ। ਅੱਖ ਸੁਰਮੇ ਦੇ ਟੁਕੜੇ ਦੀ ਤਰਾਂ ਸੀ। ਅੱਖਾਂ ਲਾਲ ਅਤੇ ਅੱਗ ਦੀ ਤਰਾਂ ਸਨ, ਜੀਭਾਂ ਦਾ ਜੋੜਾ ਬਾਹਰ ਨੂੰ ਨਿਕਲਿਆ ਹੋਇਆ ਇੰਝ ਲਗਦਾ ਸੀ, ਜਿਵੇਂ ਜਮੀਨ ਦੀ ਗੁੱਤ ਹੋਵੇ ਉਸਨੇ ਕਾਲਾ